INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਗਸਤ 2024



ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ
(05.08.1905 – 26.08.1975)

**ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਕਨੇਡਾ ਵਿਖੇ
ਗੁਰਮਤਿ ਪ੍ਰਚਾਰ ਫੇਰੀ ਦੌਰਾਨ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ
ਵੱਡੀ ਤਦਾਦ ਵਿਚ ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ।**













# ਆਤਮ ਮਾਰਗ

**ਸਾਲ-ਤੀਹਵਾਂ, ਮਹੀਨਾ-ਅਗਸਤ, 2024**

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ**

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**
**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**
**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**
**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8
*ਭਾਈ (ਡਾ.) ਸੁਖਵਿੰਦਰ ਸਿੰਘ*

3. ਸੰਤ ਅਨੰਤਹਿ ਅੰਤਰੁ ਨਾਹੀ 11
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮੰਞ ਪਿਆਰਾ ਗੁਰੂ ਨੂੰ......। 16
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਜਗਿ ਜੀਵਨੁ ਐਸਾ ਸੁਪਨੇ ਜੈਸਾ 33
ਜੀਵਨੁ ਸੁਪਨ ਸਮਾਨੰ ॥
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਜਨ ਪਰਉਪਕਾਰੀ ਆਏ 41
*ਸੰਤ ਬਾਬਾ ਹਰਪਾਲ ਸਿੰਘ ਜੀ*

7. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਵਿਧੀ 44
*ਡਾ. ਸਰੂਪ ਸਿੰਘ ਅਲੱਗ*

8. ਆਦਰਸ਼ਕ ਮਾਤਾਵਾਂ 48
*ਭਾਈ (ਡਾ.) ਸੁਖਵਿੰਦਰ ਸਿੰਘ*

9. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 51
*ਡਾ. ਜਗਜੀਤ ਸਿੰਘ*

10. ਈਸ਼੍ਵਰ ਅਮੋਲਕ ਲਾਲ 54
*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ*

11. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

ਤਨ ਕਰਕੇ ਅਸੀਂ ਸਾਰੇ ਧਰਤਿ ਮੰਡਲ ਦੇ ਵਾਸੀ ਹਾਂ। ਸਥੂਲ ਦੀ ਬਣਤਰ ਸਥੂਲ ਵਿਚ ਹੀ ਪਨਪ ਰਹੀ ਹੈ। ਇਸ ਮੰਡਲ ਦੇ ਵੱਖ-ਵੱਖ ਭਾਸ਼ਾਵਾਂ ਵਿਚ ਧਰਤੀ, ਪ੍ਰਿਥਵੀ, earth planet ਨਾਮ ਮਿਲਦੇ ਹਨ। ਪਰ ਗੁਰਬਾਣੀ ਅਨੁਸਾਰ ਇਸ ਦਾ ਨਾਮ ਕੁਝ ਹੋਰ ਹੈ। ਜਿਵੇਂ ਕਿ ***'ਮਰਣੁ ਲਿਖਾਇ ਮੰਡਲ ਮਹਿ ਆਏ॥' (ਅੰਗ-੬੮੫)*** ਅਤੇ ***'ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥'*** ਭਾਵ ਇਸ ਦਾ ਨਾਮ **'ਮ੍ਰਿਤ ਮੰਡਲ'** ਹੈ ਪਰ ਮੌਤ ਦੇ ਡਰ ਦਾ ਮਾਰਿਆ ਮਨੁੱਖ ਇਸ ਨੂੰ **'ਮ੍ਰਿਤ ਮੰਡਲ'** ਨਹੀਂ ਕਹਿੰਦਾ। ਇਸ ਮੰਡਲ ਦਾ ਇਹ ਸਦੀਵੀ ਅਟੱਲ ਨਿਯਮ/ਸਿਧਾਂਤ ਹੈ ਕਿ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*
*ਅੰਗ- ੧੪੨੯*

ਜਿਸ ਦਾ ਵੀ ਅਕਾਰ ਹੈ, ਸ਼ਕਲ ਹੈ, ਕੋਈ ਨਾਮ ਹੈ ਉਸ ਨੇ ਇਕ ਦਿਨ ਖਤਮ ਹੋਣਾ ਹੈ, ਬਿਨਸਨਾ ਹੈ। ਜੋ ਆਇਆ ਹੈ ਉਸ ਨੇ ਇਕ ਦਿਨ ਇਸ ਮੰਡਲ ਤੋਂ ਕੂਚ ਕਰ ਜਾਣਾ ਹੈ -

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥*
*ਅੰਗ- ੪੭੪*

ਪੰਜਾਂ ਤੱਤਾਂ ਨੇ ਪੰਜਾਂ ਤੱਤਾਂ ਵਿਚ ਮਿਲ ਜਾਣਾ ਹੈ। ਸਥੂਲ ਨੇ ਸਥੂਲ ਵਿਚ ਰਲ ਜਾਣਾ ਹੈ ਪਰ ਇਕ ਐਸੀ ਅਵਸਥਾ ਹੈ ਜਿਸ ਨੇ ਕਦੇ ਬਿਨਸਨਾ ਨਹੀਂ, ਉਹ ਵਜੂਦ ਵਿਚ ਹੋ ਕੇ ਵੀ ਹੁੰਦੀ ਨਹੀਂ। ***'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥' (ਅੰਗ-੨੭੩)*** ਇਸ ਦਾ ਕੀ ਕਾਰਨ ਹੈ? ਉਸ ਨੂੰ ਇਹ ਅਵਸਥਾ ਕਿਵੇਂ ਪ੍ਰਾਪਤ ਹੋਈ? ਇਸ ਦਾ ਸਮਾਧਾਨ ਸਾਨੂੰ ਪਵਿੱਤਰ ਗੁਰਬਾਣੀ ਵਿਚੋਂ, ਸੱਚੇ ਪਾਤਸ਼ਾਹ ਦਸ ਰਹੇ ਹਨ ਕਿ 'ਧੁਰਿ ਕੀ ਬਾਣੀ ਆਈ' ਇਹ ਬਾਣੀ ਕੇਵਲ ਤੇ ਕੇਵਲ ਆਈ ਹੈ ਜਾਂਦੀ ਨਹੀਂ। ਬਾਕੀ ਸਭ ਚੀਜ਼ਾਂ ਚਲਾਇਮਾਨ ਹਨ ਇਹ ਬਾਣੀ ਜੇਕਰ ਆਈ ਹੈ ਤਾਂ ਆਈ ਹੀ ਰਹੇਗੀ। ਭਾਵ ***'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਅੰਗ-੭੨੨)*** ਬਾਣੀ, ਗੁਰੂ ਤੇ ਪ੍ਰਮੇਸ਼ਰ ਇੱਕੋ ਹੀ ਰੂਪ ਹਨ। ਸ੍ਰੀ ਗੁਰੂ ਨਾਨਕ ਸਾਹਿਬ ਆਏ ਹਨ ਤੇ ਆਏ ਹੀ ਰਹਿਣਗੇ। ਪੰਜਾ ਲਾਇਆ ਹੈ ਤੇ ਲੱਗਿਆ ਹੀ ਰਹੇਗਾ। ਰੀਠੇ ਮੀਠੇ ਕੀਤੇ ਹਨ ਤੇ ਮਿੱਠੇ ਹੀ ਰਹਿਣਗੇ। ਇਸੇ ਤਰ੍ਹਾਂ ਬਾਣੀ ਆਈ ਹੈ ਇਹ ਆਈ ਹੀ ਰਹਿਣੀ ਹੈ, ਕਦੇ ਜਾਏਗੀ ਨਹੀਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ-ਜੁਗ ਅਟੱਲ ਹਨ। ਇਹ ਧੁਰ ਦਰਗਾਹੋਂ ਆਏ ਰੱਬੀ ਬੋਲ ਹਨ ਜੋ ਉਸ ਦੇ ਆਪਣੇ ਬੋਲ ਹੋ ਕੇ ਉਸ ਦਾ ਹੀ ਰੂਪ ਹਨ। ***'ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥ (ਅੰਗ-੧੦੫੭)*** ਇਹ ਸਾਰੇ ਪਦਾਰਥਾਂ ਤੇ ਸਾਰੇ ਗੁਣਾਂ ਦੇ ਅੰਮ੍ਰਿਤ ਰੂਪੀ ਖਜ਼ਾਨਿਆਂ ਨਾਲ ਭਰਪੂਰ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ- ੯੮੨*

ਇਹ ਸਮਰੱਥ ਹੈ-ਤਮਾਮ ਦੁਖਾਂ ਦੇ ਖਾਤਮੇ ਕਰਨ ਲਈ। ਆਧਿ, ਬਿਆਧਿ, ਉਪਾਧਿ, ਮਨ ਦੇ, ਤਨ ਦੇ ਤੇ ਜਨਮ ਮਰਨ ਦੇ ਦੁਖ ਖਤਮ ਕਰਨ ਲਈ ਸੱਚੀ ਦਵਾਈ ਹੈ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਅੰਗ- ੯੨੨*

ਇਸ ਦੀ ਅੰਮ੍ਰਿਤ ਧਾਰਾ ਇਤਨੀ ਮਿੱਠੀ ਤੇ ਸ਼ਕਤੀਸ਼ਾਲ ਹੈ ਕਿ ਜਨਮ ਮਰਨ ਦੇ ਚੱਕਰ ਖਤਮ ਕਰ ਦਿੰਦੀ ਹੈ -

*ਸਾਚੀ ਬਾਣੀ ਮੀਠੀ ਅਮ੍ਰਿਤ ਧਾਰ ॥*
*ਜਿਨਿ ਪੀਤੀ ਤਿਸੁ ਮੋਖ ਦੁਆਰ ॥ ਅੰਗ- ੧੨੭੫*

ਲੋੜ ਹੈ ਇਸ ਨੂੰ ਪੜ੍ਹ ਸੁਣ ਕੇ ਮੰਨਣਾ ਫਿਰ ਨਿਧਿਆਸਣ ਭਾਵ ਜੀਵਨ ਦੇ ਅੰਦਰ ਕਮਾਈ ਕਰਨੀ। ਭਾਵ -

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥ ਅੰਗ- ੪*

*ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ*

*ਸਿਉ ਚਿਤੁ ਲਾਵੈਗੋ ॥ ਅੰਗ- ੧੩੦੮*

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ ॥*
*ਅੰਗ- ੩੦੮*

ਆਪ ਨਿਰੰਕਾਰ ਰੂਪ ਹੋ ਕੇ ਸੋਭਾ ਪਾ ਰਹੀ ਹੈ -

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ- ੫੧੫*

ਐਸਾ ਖਜ਼ਾਨਾ ਪੰਜਵੇਂ ਸਤਿਗੁਰੂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਲੋਕਾਈ ਦੀ ਭਲਾਈ ਲਈ ਪ੍ਰਕਾਸ਼ਮਾਨ ਕਰਵਾ ਕੇ ਪ੍ਰਗਟ ਕੀਤਾ ਜੋ ਰਹਿੰਦੀ ਸ੍ਰਿਸ਼ਟੀ ਤੱਕ ਮਾਨਵਤਾ ਆਪਣੇ ਉਧਾਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੀ ਰਹੇਗੀ -

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥*
*ਰਤਨ ਲਾਲ ਜਾ ਕਾ ਕਛੂ ਨ ਮੋਲੁ ॥*
*ਭਰੇ ਭੰਡਾਰ ਅਖੂਟ ਅਤੋਲ ॥ ੨ ॥*
*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥ ਅੰਗ- ੧੮੬*

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ*
*ਸਭੁ ਨਾਨਕ ਬ੍ਰਹਮ ਪਸਾਰੋ ॥ ਅੰਗ- ੧੪੨੯*

ਭਾਵ -

*ਭਗਤਿ ਭੰਡਾਰ ਗੁਰਬਾਣੀ ਲਾਲ ॥*
*ਗਾਵਤ ਸੁਨਤ ਕਮਾਵਤ ਨਿਹਾਲ ॥*
*ਭਗਤਿ ਭੰਡਾਰ ਗੁਰਬਾਣੀ ਲਾਲ ॥*
*ਗਾਵਤ ਸੁਨਤ ਕਮਾਵਤ ਨਿਹਾਲ ॥ ਅੰਗ- ੩੭੬*

ਇਸ ਨੂੰ ਗਾਉਣ ਵਾਲੇ, ਸੁਣਨ ਵਾਲੇ, ਕਮਾਉਣ ਵਾਲੇ ਸਾਰੇ ਨਿਹਾਲਤਾ ਪ੍ਰਾਪਤ ਕਰ ਸਕਣਗੇ -

ਭਾਵ -

*ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥*
*ਅੰਗ- ੮੦੨*

ਐਸੀ ਬਖਸ਼ਿਸ਼ 5ਵੇਂ ਪਾਤਸ਼ਾਹ ਨੇ ਲੋਕਾਈ/ ਮਾਨਵਤਾ 'ਤੇ ਕੀਤੀ ਕਿ ਇਕ 'ਧਰਮ ਗ੍ਰੰਥ' ਆਦਿ ਗ੍ਰੰਥ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਕਿਸੇ ਵੀ ਧਰਮ/ਮਜ਼੍ਹਬ ਦਾ ਧਰਮ ਗ੍ਰੰਥ ਕੇਵਲ ਇਕ ਹੀ ਹੁੰਦਾ ਹੈ। ਗ੍ਰੰਥ ਹੋਰ ਅਨੇਕਾਂ ਹੋ ਸਕਦੇ ਹਨ। ਜਿਵੇਂ ਪਵਿੱਤਰ ਕੁਰਾਨ ਸ਼ਰੀਫ, ਪਵਿੱਤਰ ਬਾਈਬਲ, ਪਵਿੱਤਰ ਵੇਦ, ਪਵਿੱਤਰ ਤ੍ਰਿਪਿਟਕ, (ਬੁੱਧ ਧਰਮ) ਪਵਿੱਤਰ ਪੂਰਵ ਤੇ ਅੰਗ (ਜੈਨ ਧਰਮ)। ਇਸ ਤਰ੍ਹਾਂ ਅਲੱਗ-ਅਲੱਗ ਮਜ਼੍ਹਬਾਂ ਦੇ ਆਪਣੇ-ਆਪਣੇ ਪਵਿੱਤਰ ਧਰਮ ਗ੍ਰੰਥ ਹਨ ਜਿਨ੍ਹਾਂ ਨੇ ਮਾਨਵਤਾ ਨੂੰ ਏਕਤਾ ਦੀ ਲੜੀ ਵਿਚ ਪਰੋਇਆ। ਸਮੇਂ-ਸਮੇਂ ਸਿਰ ਲੋਕਾਈ ਦੇ ਉਧਾਰ, ਸਹੀ ਰਸਤੇ ਦਰਸਾਉਣ ਦਾ ਰਾਹ ਦਸੇਰਾ ਬਣੇ। ਸਤਿ ਦੇ ਪਾਂਧੀਆਂ ਨੇ ਸਤਿ ਦੀ ਖੋਜ ਵਿਚੋਂ ਸਤਿ ਸਰੂਪ ਹੋ ਕੇ ਜੋ ਬਚਨ ਪ੍ਰਾਪਤ ਕੀਤੇ ਉਨ੍ਹਾਂ ਨੂੰ ਮਾਨਵਤਾ ਦੇ ਸਾਮ੍ਹਣੇ ਲਿਆਂਦਾ। ਇਹ ਬਚਨ ਅੱਜ ਲੋਕਾਈ ਨੂੰ ਸੇਧਾਂ, ਸੁਖ-ਸ਼ਾਂਤੀ ਪ੍ਰਦਾਨ ਕਰਨ ਦਾ ਵਸੀਲਾ ਬਣ ਰਹੇ ਹਨ।

ਦੁਨੀਆਂ ਦੇ ਧਰਮ ਗ੍ਰੰਥਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਾਣ ਪ੍ਰਾਪਤ ਹੈ ਕਿ ਇਹ ਇਕੋ ਇਕ ਧਰਮ ਗ੍ਰੰਥ ਹੈ ਜਿਸ ਨੂੰ ਉਸ ਦੇ ਰਚਨਹਾਰੇ ਨੇ ਆਪ ਖੁਦ ਪ੍ਰਕਾਸ਼ਿਤ ਕੀਤਾ। ਇਸ ਦੀ ਇਹ ਵੀ ਵਿਲੱਖਣਤਾ ਹੈ ਕਿ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੱਤਾ ਗੱਦੀ ਪ੍ਰਾਪਤ ਹੈ। ਇਸ ਦਾ ਇਲਾਹੀ ਨਾਦ ਲੋਕ ਤੇ ਪ੍ਰਲੋਕ ਦੇ ਸੁੱਖਾਂ ਦੇ ਨਾਲ ਮੁਕਤੀ ਦਾ ਦਰਵਾਜ਼ਾ ਵੀ ਖੋਲ੍ਹਦਾ ਹੈ।

- ਇਸ ਦੀ ਵਿਲੱਖਣਤਾ ਇਸੇ ਵਿਚ ਵੀ ਹੈ ਕਿ ਜੁਗਾਂ-ਜੁਗਾਂ ਦੇ ਇਤਿਹਾਸ ਨੂੰ ਇਹ ਰੂਪਮਾਨ ਕਰਦਾ ਹੈ।

- ਮਾਨਵ ਮੁਕਤੀ ਇਸਦੇ ਮੁਖ ਸੰਕਲਪ ਹਨ।

- ਇਹ ਮਾਨਵਤਾ ਵਿਚ ਪਈਆਂ ਦੀਵਾਰਾਂ ਨੂੰ ਕੱਟਦਾ ਹੋਇਆ - 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' (ਅੰਗ-97) ਦਾ ਸਿਧਾਂਤ ਪ੍ਰਦਾਨ ਕਰਦਾ ਹੈ।

-ਇਥੇ 'ਅਵਲਿ ਅਲਹ ਨੂਰੁ ਉਪਾਇਆ' ਦੇ ਸਿਧਾਂਤ ਰੂਪਮਾਨ ਹਨ।

- ਇਹ ਜਿਥੇ ਬਾਣੀ ਰੂਪ ਹਨ, ਉਥੇ ਗੁਰੂ ਰੂਪ ਵੀ ਹਨ। ਬਾਣੀ ਤੇ ਗੁਰੂ ਰੂਪ ਹੁੰਦੇ ਹੋਏ ਪ੍ਰਮੇਸ਼ਰ ਰੂਪ ਵੀ ਹਨ।

- ਉਪਰੋਕਤ ਤੋਂ ਇਲਾਵਾ ਹੋਰ ਅਨੇਕਾਂ

ਖਜ਼ਾਨਿਆਂ ਨਾਲ ਭਰਪੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੋਕਾਈ ਨੂੰ 'ਮੁਕਤੀ' ਦੇ ਦਰਵਾਜ਼ੇ ਖੋਲ੍ਹਦੇ ਹੋਏ ਵਿਸ਼ਵ ਦੀ ਸ਼ਾਂਤੀ ਦਾ ਧਰੋਹਰ ਹਨ ਭਾਵ ਵਿਸ਼ਵ ਨੂੰ ਸ਼ਾਂਤੀ ਪ੍ਰਦਾਨ ਕਰਨ ਦੀ ਬਖਸ਼ਿਸ਼ ਕਰ ਰਹੇ ਹਨ। ਪਦਾਰਥਾਂ ਦੀ ਚਕਾਚੌਂਧ ਦੇ ਯੁੱਗ ਅਤੇ ਐਟਮੀ ਬੰਬਾਂ ਦੀ ਭਰਮਾਰ ਤੇ ਟੈਕਨਾਲੋਜੀ ਦੇ ਵਧ ਰਹੇ ਅਸ਼ਾਂਤ ਵਾਤਾਵਰਣ ਵਿਚ ਗੁਰਬਾਣੀ ਮਨੁੱਖਤਾ ਨੂੰ ਸੁਖ-ਸ਼ਾਂਤੀ ਪ੍ਰਦਾਨ ਕਰਕੇ 'ਏਕਤਾ' ਦੀ ਲੜੀ ਵਿਚ ਪਿਰੋਣ ਦੇ ਸਮਰੱਥ ਹੈ। ਆਉ! ਇਸ ਪਵਿੱਤਰ ਬਾਣੀ ਦਾ ਸੁਨੇਹਾ ਘਰ-ਘਰ ਪਹੁੰਚਾਉਂਦੇ ਹੋਏ, ਸਭਨਾਂ ਲਈ ਬੇਗਮਪੁਰੇ ਦੇ ਵਾਸੀ ਬਣਨ ਦੀ ਲੋਚਾ ਕਰੀਏ। ਜਿਥੇ ਪ੍ਰਸਪਰ ਪਿਆਰ, ਇਤਫ਼ਾਕ, ਸ਼ਾਂਤੀ, ਬਿਨਾਂ ਕਿਸੇ ਭੇਦ ਭਾਵ, ਜਾਤ-ਪਾਤ, ਨਸਲ, ਲਿੰਗ-ਪੁਲਿੰਗ, ਖਿਤੇ ਦਾ ਵਿਤਕਰਾ ਨਾ ਹੋਵੇ। ਭਾਵ -

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥* ਅੰਗ- ੬੭

ਇਹ ਸਾਰੀ ਚਿੰਤਾਵਾਂ ਖਤਮ ਕਰਨ ਦੇ ਸਮਰੱਥ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥* ਅੰਗ- ੬੨੮

ਹਥਲੇ ਅੰਕ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੂੰਰਨ ਦਿਵਸ ਤੇ ਇਸ ਦੀ ਸੰਪਾਦਨ ਕਲਾ ਤੇ ਸ. ਸਰੂਪ ਸਿੰਘ ਅਲੱਗ ਵਲੋਂ ਲਿਖਿਆ ਲੇਖ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਮਹੀਨੇ ਤਿੰਨ ਅਹਿਮ ਦਿਹਾੜੇ ਸਾਡੇ ਸਾਰਿਆਂ ਲਈ ਆ ਰਹੇ ਹਨ। 8 ਅਗਸਤ ਨੂੰ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦਾ ਜਨਮ ਦਿਵਸ ਰਤਵਾੜਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੇ ਰੂਪ ਵਿਚ ਪਿਆਰ ਤੇ ਸ਼ਰਧਾ ਨਾਲ ਮਨਾਇਆ ਜਾਣਾ ਹੈ।

ਦੂਸਰਾ ਅਹਿਮ ਦਿਵਸ 25 ਅਗਸਤ ਨੂੰ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਰਾੜਾ ਸਾਹਿਬ ਤੇ ਹੋਰ ਪਾਵਨ ਅਸਥਾਨਾਂ 'ਤੇ ਗੁਰਮਤਿ ਸਮਾਗਮਾਂ ਦੇ ਰੂਪ ਵਿਚ ਮਨਾਈ ਜਾਣੀ ਹੈ। ਰਤਵਾੜਾ ਸਾਹਿਬ ਵਿਖੇ ਇਹ ਯਾਦ 25 ਅਗਸਤ ਨੂੰ ਦਿਨ ਐਤਵਾਰ ਵਿਸ਼ੇਸ਼ ਸਮਾਗਮ ਦੇ ਰੂਪ ਵਿਚ ਮਨਾਈ ਜਾਏਗੀ। 29 ਅਗਸਤ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਸੰਗਤਾਂ ਵਲੋਂ, ਦੇਸ਼-ਪ੍ਰਦੇਸ ਵਿਚ ਮਨਾਏ ਜਾਣੇ ਹਨ। ਤਿੰਨਾਂ ਹੀ ਅਹਿਮ ਦਿਹਾੜਿਆਂ ਪ੍ਰਤੀ ਹਥਲੇ ਅੰਕ ਵਿਚ ਲੇਖ ਦਿਤੇ ਜਾ ਰਹੇ ਹਨ ਤਾ ਜੋ ਜਗਿਆਸੂ ਅਤੇ ਪਾਠਕ ਜਨਾਂ ਨੂੰ ਹੋਰ ਗਿਆਨ ਭਰਪੂਰ ਜਾਣਕਾਰੀ ਪ੍ਰਾਪਤ ਹੋ ਸਕੇ। ਆਸ ਹੈ ਕਿ ਆਪ ਜੀ ਸਾਰੇ ਇਨ੍ਹਾਂ ਪਾਵਨ ਦਿਹਾੜਿਆਂ ਦੇ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਅਤੇ ਇਨ੍ਹਾਂ ਪ੍ਰਤੀ ਲੇਖਨੀ ਸਮੱਗਰੀ ਪੜ੍ਹ ਕੇ ਲਾਹੇ ਪ੍ਰਾਪਤ ਕਰ ਕੇ ਜੀਵਨ ਸਫ਼ਲ ਕਰੋਗੇ। ਸਭਨਾਂ ਲਈ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੋਇਆ ਖਿਮਾ ਦਾ ਚਾਜਕ।

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਭਾਦੁਇ
# ਸੰਗਰਾਂਦ - ਅਗਸਤ 16 (ਦਿਨ ਸ਼ੁਕਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**
**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥**

**ਅੰਗ-** ੧੩੪

ਜੇਠ-ਹਾੜ ਦੀ ਤਪਸ਼ ਤੋਂ ਬਾਅਦ ਸਾਵਣ ਦੀ ਬਰਸਾਤ ਨੇ ਵਾਤਾਵਰਣ ਵਿਚ ਸੀਤਲਤਾ ਪੈਦਾ ਕੀਤੀ। ਭਾਵ ਜੀਵ ਦੇ ਅੰਦਰ ਰਮੀ ਹੋਈ ਕਠੋਰਤਾ ਰੂਪੀ ਤਪਸ਼ ਨੇ ਸਾੜ ਪਾਇਆ ਹੋਇਆ ਸੀ -

*ਜੀਉ ਤਪਤੁ ਹੈ ਬਾਰੋ ਬਾਰ ॥* *ਅੰਗ- ੬੬੧*

ਇਹ ਵਾਰ-ਵਾਰ ਤਪ ਰਿਹਾ ਹੈ। ਜਨਮਾਂ-ਜਨਮਾਂ ਤੋਂ ਤਪ ਰਿਹਾ ਹੈ। ਸਾਵਣ ਦੇ ਨਾਮ ਰੂਪੀ ਰਸ ਦੀ ਬਰਸਾਤ ਨੇ ਸੀਤਲਤਾ ਪ੍ਰਦਾਨ ਕੀਤੀ -

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥*
*ਅੰਗ- ੧੩੪*

ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਅੰਮ੍ਰਿਤ ਰਸ ਦੀ ਪ੍ਰਾਪਤੀ ਹੋਈ ਹੈ। '***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥' (ਅੰਗ-੧੩੪)***

ਹੁਣ ਭਾਦੁਇ ਦੇ ਮਹੀਨੇ ਦਾ ਰੂਪਕ ਖਿੱਚ ਕੇ ਸੱਚੇ ਪਾਤਸ਼ਾਹ ਜੀਵ ਦੀ ਅੰਦਰਲੀ ਰੂਹਾਨੀ ਅਵਸਥਾ ਬਾਰੇ ਫੁਰਮਾਨ ਕਰਦੇ ਹਨ। ਹੁਣ ਭਰਮ ਭੁਲੇਖਿਆਂ ਦੇ ਰਸਤੇ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਭਰਮ ਦਾ ਅਰਥ ਹੈ 'ਭੁਲੇਖਾ' ਭਾਵ ਅਸਲੀਅਤ ਤੋਂ ਭਟਕ ਜਾਣਾ। ਚੀਜ਼ ਦੀ ਅਸਲੀਅਤ ਕੁਝ ਹੋਰ ਹੋਵੇ ਪਰ ਭਾਸ ਕੁਝ ਹੋਰ ਜਾਵੇ। ਪ੍ਰਮਾਣ ਹੈ ਕਿ ਹਨ੍ਹੇਰੇ ਵਿਚ ਪਈ ਰੱਸੀ ਵੀ ਸੱਪ ਨਜ਼ਰ ਆਈ। ਇਹ ਸੰਸਾਰ ਰੂਪੀ ਖਿੜਿਆ ਬਾਗ ਪ੍ਰਮੇਸ਼ਰ ਦਾ ਆਪਣਾ ਮੰਡਲ ਸੀ ਪਰ ਦਵੈਸ਼ ਭਾਵ ਵਿਚ ਆ ਕੇ ਕੁਝ ਹੋਰ ਦਿਖਾਈ ਦੇਣ ਲੱਗਾ। '***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥' (ਅੰਗ-੪੬੩)*** ਦੇ ਰਾਹ 'ਤੇ ਚਲਦਾ-ਚਲਦਾ ਜਗਿਆਸੂ ਰਸਤਾ ਭਟਕ ਜਾਵੇ ਤਾਂ ਕਿਤੇ ਹੋਰ ਦਾ ਹੋਰ ਪਹੁੰਚ ਜਾਂਦਾ ਹੈ। ਭਰਮ, ਭੁਲੇਖੇ ਵਿਚ ਪੈ ਕੇ ਦੂਜੇ, ਦਵੈਸ਼ ਨਾਲ ਚਿਤ ਲਾ ਲਿਆ-

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅੰਗ - ੬੫੭*

ਹਉਮੈ ਤੇ ਨਾਮ ਦੀ ਵਿਰੋਧਤਾ ਹੈ। ਤਪਸ਼ ਤੇ ਸੀਤਲਤਾ ਵੀ ਵਿਰੋਧਾਭਾਸ ਹਨ। ਹਉਮੈ ਵੀ ਘੱਟ ਸ਼ਕਤੀ ਨਹੀਂ ਰਖਦੀ -

*ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥*
*ਤਉ ਭੀ ਹਉਮੈ ਮੈਲੁ ਨ ਜਾਵੈ ॥* *ਅੰਗ- ੨੬੫*

ਇਹ ਤਾਂ ਸਿਰਫ ਨਾਮ ਰਾਹੀਂ ਖਤਮ ਹੁੰਦੀ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।*
*ਭਾਈ ਗੁਰਦਾਸ ਜੀ*

ਇਕ ਪ੍ਰਮੇਸ਼ਰ ਦੀ ਹੋਂਦ ਦਾ ਅਹਿਸਾਸ ਨਾ ਕਰਦੇ ਹੋਏ ਦਵੈਸ਼ ਭਾਵ 'ਚ ਬਿਰਤੀ ਨੂੰ ਟਿਕਾਈ ਰੱਖਣਾ, ਇਹ 'ਦੂਜੈ ਲਗਾ ਹੇਤੁ' ਹੈ।

ਇਹ ਦੂਜਾ ਭਾਵ ਸਰੀਰ ਨੂੰ ਸ਼ਿੰਗਾਰਿਆਂ ਨਾਲ ਨਹੀਂ ਮਿਟਦਾ। ਹਉਮੈ ਦਾ ਸਬੰਧ ਤਨ ਨਾਲ ਨਹੀਂ 'ਮਨ' ਨਾਲ ਹੈ। ਤਨ ਦੇ ਸ਼ਿੰਗਾਰਿਆਂ, ਸਾਫ ਕੀਤਿਆਂ, ਮਨ ਸਾਫ ਨਹੀਂ ਹੁੰਦਾ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥* *ਅੰਗ- ੫੫੮*

ਭਾਵ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਅੰਗ - ੭੮੯*

ਬਾਹਰ ਦੀ ਕਿਰਿਆ ਹੋਰ ਹੋਵੇ ਤੇ ਅੰਦਰ ਕੁਝ ਹੋਰ ਚਲਦਾ ਹੋਵੇ, ਇਹ ਵਾਹਿਗੁਰੂ ਨੂੰ ਨਹੀਂ ਭਾਉਂਦਾ।

*ਮੁਖਹੁ ਹਰਿ ਹਰਿ ਸਭੁ ਕੋ ਕਰੈ*
*ਵਿਰਲੈ ਹਿਰਦੈ ਵਸਾਇਆ॥*
*ਨਾਨਕ ਜਿਨ ਕੈ ਹਿਰਦੈ ਵਸਿਆ*
*ਮੋਖ ਮੁਕਤਿ ਤਿਨ੍ ਪਾਇਆ ॥* *ਅੰਗ- ੫੬੫*

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*
*ਅੰਗ- ੪੮੮*

ਦਿਖਾਵਾ ਪ੍ਰਵਾਨ ਨਹੀਂ -

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸਿ ਕੀਨ।*
*ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ।*
*ਪਾਤਿਸ਼ਾਹੀ ੧੦*

ਜੇਠ-ਹਾੜ ਦੀ ਤਪਸ਼ ਨਾਲੋਂ ਭਾਦੁਇ ਦਾ ਦੁਇ ਭਾਵ ਵਾਲਾ ਜੀਵਨ ਹੋਰ ਖਤਰਨਾਕ ਹੈ। 'ਧਰਮ ਦਾ ਵੀ ਭਰਮ ਪਾਲਿਆ ਜਾਂਦਾ ਹੈ -

*ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥*
*ਲੋਗਨ ਰਾਮੁ ਖਿਲਉਨਾ ਜਾਨਾਂ ॥* *ਅੰਗ- ੧੧੫੮*

ਸੱਜਣ ਠੱਗ ਅਤੇ ਭੂਮੀਆ ਚੋਰ ਇਤਿਆਦਿਕ ਧਰਮ ਦਾ ਭਰਮ ਪਾਲ ਰਹੇ ਸਨ। ਸਮਰੱਥ ਸਤਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੋਈ ਅਸਲੀ ਭਾਈ ਸੱਜਣ ਤੇ ਭਾਈ ਭੂਮੀਆ ਬਣ ਗਏ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*
*ਅੰਗ- ੧੪੩*

ਭਰਮ 'ਚ ਪਏ ਦੀ ਇਹ ਅਵਸਥਾ ਹੈ -

*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥* *ਅੰਗ- ੬੫੭*

ਜੋ ਦਿਸਦਾ ਹੈ ਉਹ ਸਤਿ ਨਹੀਂ ਜੋ ਸਤਿ ਹੈ ਉਹ ਦਿਸਦਾ ਨਹੀਂ। ਸਾਡੀ (ਜੀਵ ਦੀ) ਅਵਸਥਾ ਇਸ ਤਰ੍ਹਾਂ ਹੈ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ-੬੫੭*

ਭਰਮ ਵਿਚ ਪਏ ਦੀ ਜ਼ਿੰਦਗੀ ਲੰਘ ਗਈ ਹੁਣ ਉਹ ਸਮਾਂ ਆ ਗਿਆ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*
*ਅੰਗ- ੬੩੧*

*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥*
*ਅੰਗ- ੧੨*

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥

ਜਦੋਂ ਜੀਵ ਉਡਾਰੀ ਮਾਰ ਗਿਆ ਫਿਰ ਇਹ ਸਰੀਰ ਕਿਸੇ ਕੰਮ ਦਾ ਨਹੀਂ।

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ ॥ ॥*
*ਜਬ ਹੀ ਹੰਸ ਤਜੀ ਇਹ ਕਾਂਇਆ*
*ਪ੍ਰੇਤ ਪ੍ਰੇਤ ਕਰਿ ਭਾਗੀ ॥* *ਅੰਗ- ੬੩੪*

ਫਿਰ ਤਾਂ ਕਾਢਹੁ–ਕਾਢਹੁ ਹੋਈ ਵਾਲਾ ਸਮਾਂ ਆ ਜਾਂਦਾ ਹੈ।

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥

ਰੂਹ ਨੂੰ ਲੈਣ ਵਾਸਤੇ ਧਰਮ ਰਾਜ ਦੇ ਭੇਜੇ ਜਮਦੂਤ ਆਏ ਉਹ ਹੁਣ ਦਸ ਕੇ ਨਹੀਂ ਆਉਂਦੇ –

*ਇਕ ਰਤੀ ਬਿਲਮ ਨ ਦੇਵਨੀ*
*ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥*
*ਅੰਗ – ੭੮*

ਭਾਵ –

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ– ੧੩੫੮*

ਤਨ ਨੇ ਸਾਥ ਛੱਡ ਦਿਤਾ –

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥

ਤਨ ਤੇ ਤਨ ਨਾਲ ਸਬੰਧ ਰੱਖਣ ਵਾਲੇ ਸਾਰੇ ਛੱਡ ਗਏ। ਕੇਵਲ ਇਕ ਨਾਮ ਸੀ ਜਿਸ ਨੇ ਸਹਾਇਤਾ ਕਰਨੀ ਸੀ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ– ੨੬੪*

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥

ਹੁਣ ਉਸ ਸਮੇਂ ਨੂੰ ਦੇਖ ਕੇ ਜੀਵ ਹੱਥ ਮਲਦਾ ਹੈ। ਤਨ ਕੰਬਦਾ ਹੈ, ਰੰਗ ਫਿੱਕਾ ਪੈ ਜਾਂਦਾ ਹੈ –

*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥*
*ਅੰਗ– ੧੩੭੭*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ– ੧੪੨੮*

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਸਰੀਰ ਜੀਵ ਦੇ ਕੀਤੇ ਕਰਮਾਂ ਦਾ ਖੇਤ ਹੈ ਜੋ ਕੁਝ ਵੀ ਮਨੁੱਖ ਬੀਜਦਾ ਹੈ ਉਹੀ ਵੱਢਦਾ ਹੈ।

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ– ੪੩੩*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ– ੧੩੭੯*

ਕਿੱਕਰਾਂ ਦੇ ਬੀਜ ਬੋਅ ਕੇ ਮਿੱਠੀਆਂ ਦਾਖਾਂ ਪ੍ਰਾਪਤ ਨਹੀਂ ਹੁੰਦੀਆਂ। ਪਾਪਾਂ ਦੀ ਕਮਾਈ ਨੂੰ ਪੁੰਨਾਂ ਦਾ ਫਲ ਨਹੀਂ ਲਗਦਾ।

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਗੁਰੂ ਦੇ ਚਰਨਾਂ ਰੂਪੀ ਜਹਾਜ਼ ਵਿਚ ਸਵਾਰੀ ਕਰ ਕੇ ਪਾਰ ਉਤਾਰਾ ਹੋ ਸਕਦਾ ਹੈ –

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ– ੭੪੭*

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ ਅੰਗ– ੧੩੦੯*

ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ॥

ਗੁਰੂ ਜੀ ਇਥੇ ਵੀ ਉਥੇ ਵੀ, ਲੋਕ ਵਿਚ ਵੀ ਤੇ ਪਰਲੋਕ ਵਿਚ ਵੀ ਸਹਾਈ ਹੁੰਦੇ ਹਨ। ਭਾਵ –

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ– ੭੨੯*

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ ॥ ਅੰਗ– ੧੪੨੪*

ਸਮਰੱਥ ਗੁਰੂ ਦੀ ਸ਼ਰਣ ਵਾਲਾ ਨਰਕਾਂ ਨੂੰ ਨਹੀਂ ਜਾਂਦਾ।

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ – ੫੧੭*

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥*
*ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥*
*ਅੰਗ– ੯੬੯*

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ਅੰਗ– ੬੧੪*

ਸਮਰੱਥ ਸਤਿਗੁਰੂ ਲੋਕ ਤੇ ਪ੍ਰਲੋਕ ਵਿਚ ਜੀਵ ਦੀ ਰਾਖੀ ਕਰਦੇ ਹਨ।

# ਸੰਤ ਅਨੰਤਹਿ ਅੰਤਰੁ ਨਾਹੀ

## ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ (ਰਾੜਾ ਸਾਹਿਬ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

5 ਅਗਸਤ, 1905 ਵਾਲੇ ਦਿਨ ਪਿੰਡ ਆਲੋਵਾਲ, ਜ਼ਿਲਾ ਪਟਿਆਲਾ ਵਿਖੇ ਵੀਹਵੀਂ ਸਦੀ ਦੀ ਮਹਾਨ ਤਾਰਕ ਆਤਮਾ ਦਾ ਪ੍ਰਕਾਸ਼ ਹੋਇਆ। ਪਿਤਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਜੀ ਉਪਰ ਅਪਾਰ ਕ੍ਰਿਪਾ ਹੋਈ, ਜਿਨ੍ਹਾਂ ਦੇ ਘਰ ਤੱਤ ਬੇਤੇ ਮਹਾਂਪੁਰਸ਼ਾਂ ਦਾ ਆਵਣਾ ਹੋਇਆ। ਆਪ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਆਪ ਦੇ ਕੌਤਕ ਪਰਗਟ ਕਰ ਰਹੇ ਸਨ ਕਿ ਆਪ ਕੋਈ ਮਹਾਨ ਪੁਰਖ ਹੋਣਗੇ। ਚੌਕੜਾ ਮਾਰ ਕੇ, ਰੀੜ ਦੀ ਹੱਡੀ 90 ਡਿਗਰੀ ਤੇ ਰੱਖ ਕੇ ਯੋਗੀਆਂ ਵਾਂਗੂੰ ਬੈਠਣਾ, ਹੈਰਾਨ ਕਰ ਦਿੰਦਾ। ਇਕ ਵਾਰੀ ਮਾਤਾ ਪਿਤਾ, ਬਾਲ ਅਵਸਥਾ ਵਿਚ ਹੀ ਏਹਨਾਂ ਨੂੰ ਪਰਮ ਬੀਤਰਾਗ ਬ੍ਰਹਮ ਗਿਆਨੀ ਮਹਾਂਪੁਰਸ਼ ਵਿਦੌਸ਼ੀ ਵਾਲੇ ਸ੍ਰੀ ਬੀਰਮਦਾਸ ਜੀ ਪਾਸ ਲੈ ਗਏ। ਮਹਾਂਪੁਰਸ਼ਾਂ ਨੇ ਗੋਦੀ ਚੁੱਕ ਕੇ ਪਿਆਰ ਦਿੰਦੇ ਬਚਨ ਕੀਤਾ ਕਿ ਰਾਮ ਸਿੰਘ! ਮੈਨੂੰ ਲੋਕ ਸੰਤ ਕਹਿੰਦੇ ਹਨ ਪਰ ਇਹ ਤੇਰਾ ਪੁੱਤਰ ਪੂਰਨ ਬ੍ਰਹਮਗਿਆਨੀ ਕਾਰਕ ਪੁਰਸ਼, ਸੰਸਾਰ ਦਾ ਉਧਾਰ ਕਰਨ ਵਾਲਾ, ਮਹਾਨ ਜੰਗਮ ਤੀਰਥ ਹੋਵੇਗਾ। ਮਾਂ ਬਾਪ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਸੁਣ ਕੇ ਇਕ ਝਟਕਾ ਜੇਹਾ ਲੱਗਿਆ ਅਤੇ ਕੁਝ ਸੋਚ ਭੀ ਫੁਰੀ ਕਿ ਅਸਾਡਾ ਬੱਚਾ ਸਾਧੂ ਬਣੇਗਾ।

ਬੀਰਮਦਾਸ ਜੀ ਨੇ ਕਿਹਾ, "ਰਾਮ ਸਿੰਘ! ਫਿਕਰ ਹੋ ਗਿਆ ਇਸਦੇ ਸਾਧੂ ਬਣਨ ਦਾ? ਸੁਣ! ਇਹ ਤੇਰੀਆਂ, ਆਪਣੀ ਮਾਤਾ ਦੀਆਂ ਤੇ ਹੋਰ ਕੁਲਾਂ ਦਾ ਤਾਰਕ ਹੈ, ਸੰਸਾਰ ਤਰੇਗਾ। ਇਹਨੂੰ ਪੁੱਤਰ ਨ ਸਮਝ, ਸੇਵਾ ਕਰ ਲੈ, ਤੇਰੇ ਲੇਖੇ ਇਹੋ ਕੁਝ ਹੈ।"

ਪਹਿਲੀ ਵਿਦਿਆ ਆਪ ਨੇ ਪਿੰਡਾਂ ਦੇ ਸਕੂਲਾਂ ਤੋਂ ਪ੍ਰਾਪਤ ਕੀਤੀ। ਛੇਵੀਂ ਜਮਾਤ ਤੋਂ ਆਪ ਪਟਿਆਲਾ ਵਿਚ ਮਾਡਲ ਸਕੂਲ ਵਿਚ ਦਾਖਲ ਹੋ ਗਏ। ਇਥੇ ਵੱਡੇ ਸਰਦਾਰਾਂ ਦੇ ਬੱਚੇ ਪੜ੍ਹਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਕ ਵਾਰੀ ਦੱਸਿਆ ਕਿ ਇਥੇ ਇਕ ਵਾਰੀ ਸਿੰਧੀ ਮਹਾਤਮਾ ਟੀ. ਐਲ ਵਿਸਵਾਨੀ ਜੀ ਆਏ। ਉਨ੍ਹਾਂ ਕਲਾਸ ਵਿਚ ਕਿਹਾ ਕਿ ਜਪੁਜੀ ਸਾਹਿਬ ਜ਼ਰੂਰ ਯਾਦ ਹੋਣਾ ਚਾਹੀਦਾ ਹੈ। ਅਸੀਂ ਦੋ ਦਿਨਾਂ ਵਿਚ ਹੀ ਯਾਦ ਕਰ ਲਿਆ। ਪੜ੍ਹਾਈ ਵਿਚ ਆਪ ਫਸਟ ਆਇਆ ਕਰਦੇ ਸਨ। ਲਿਖਤ ਆਪ ਦੀ ਛਾਪੇ ਵਰਗੀ ਸੀ। ਸਾਧੂਆਂ ਦੀ ਸੰਗਤ ਆਪ ਜੀ ਵਿਦਿਆਰਥੀ ਜੀਵਨ ਤੋਂ ਹੀ ਕਰਦੇ ਸਨ। ਆਪ ਜੀ ਵੇਹਲ ਕੱਢ ਕੇ ਤੋਪਖਾਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ, ਤੋਪਖਾਨੇ ਦੇ ਫੌਜੀ ਸਿੰਘ ਕਰਨੀ ਕਮਾਈ ਵਾਲੇ ਸਨ। ਭਿੰਨੀ ਰੈਣ ਜਾਗਣਾ, ਨਾਮ ਸਿਮਰਨ ਕਰਨਾ, ਉਹਨਾਂ ਦਾ ਨਿਤ ਕਰਮ ਸੀ। ਸਤੋ ਗੁਣੀ ਭੋਜਨ ਫੌਜੀ ਲੰਗਰ ਵਿਚ ਬਣਦਾ, ਏਥੋਂ ਤਕ ਕਿ ਲਸਣ ਭੀ ਨਹੀਂ ਵਰਤਦੇ ਸਨ। ਤੋਪਖਾਨੇ ਵਿਚੋਂ ਸਰਵਿਸਾਂ ਛੱਡ ਕੇ ਬਹੁਤ ਪ੍ਰੇਮੀ ਮਹਾਤਮਾ ਦੇ ਪ੍ਰੇਮੀ ਬਣ ਗਏ ਸਨ। ਇਹਨਾਂ ਵਿਚੋਂ ਬਹੁਤੇ ਰੇਰੂ ਸਾਹਿਬ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਪਾਸ ਪੁੱਜ ਕੇ ਨਾਮ ਕਮਾਈ ਕਰਦੇ ਸਨ।

ਆਪ ਜੀ ਉਪਰ ਇਹਨਾਂ ਜਗਿਆਸੂਆਂ ਦਾ ਬਹੁਤ ਅਸਰ ਸੀ। ਪੜ੍ਹਾਈ ਦੇ ਨਾਲ ਹੀ ਆਪ ਜੀ ਸੰਤਾਂ ਦੀ ਸੰਗਤ ਕਰਨ ਦੀ ਪੂਰੀ ਸ਼ਰਧਾ ਭਰੀ ਲਗਨ ਰੱਖਦੇ ਸਨ। ਆਪ ਜੀ ਪਟਿਆਲੇ ਦੇ ਚੌਗਿਰਦੇ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਵਿਚੋਂ ਉਦਾਸੀ ਮਹਾਤਮਾ ਹਰਨਾਮ ਦਾਸ, ਰਾਮਦਾਸ ਜੀ, ਤ੍ਰਿਪੜੀ ਦੇ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਸੋਹਨਦਾਸ, ਅਤੇ ਪਟਿਆਲੇ ਵਾਲੇ ਬਾਬਾ ਧਿਆਨਾ ਜੀ ਦਾ ਪੂਰਾ ਸਤਿਕਾਰ ਕਰਦੇ ਸਨ।

ਸੱਤਵੀਂ ਜਮਾਤ ਤੋਂ ਹੀ ਆਪ ਜੀ ਅੰਮ੍ਰਿਤ ਵੇਲੇ ਦੋ ਵਜੇ ਉਠਕੇ ਸੁਧਾਸਰ ਜਾਣਾ, ਸਰੋਵਰ ਵਿਚ ਇਸ਼ਨਾਨ ਕਰਕੇ, ਕੰਢੇ ਮਹਾਨ ਯੋਗੀਆਂ ਵਾਂਗੂੰ ਪੰਜ ਘੰਟੇ ਅਫੁਰ ਸਮਾਧ ਵਿਚ ਲੀਨ ਹੋਣਾ। ਉਪ੍ਰੰਤ ਆਪਣੇ ਨਿਵਾਸ ਅਸਥਾਨ, ਸ. ਦਲੀਪ ਸਿੰਘ ਜੀ ਗਾਰਡੀਅਨ ਦੀ, ਜੋ ਭੂਆ ਦੇ ਪੁੱਤਰ ਸਨ, ਤੇ ਪੁਜ ਕੇ ਸਕੂਲ ਦੀ ਤਿਆਰੀ ਕਰਨੀ।

ਇਕ ਵਾਰੀ ਮਹਾਂਪੁਰਸ਼ਾਂ ਨੇ ਦੱਸਿਆ ਕਿ ਅਸੀਂ ਐਉਂ ਪ੍ਰਤੀਤ ਕਰਿਆ ਕਰਦੇ ਹਾਂ ਕਿ ਅਸੀਂ ਪ੍ਰਕਾਸ਼

ਮੰਡਲ ਵਿਚ ਪ੍ਰਕਾਸ਼ ਪੀਂਘ ਤੇ ਹੁਲਾਰੇ ਲੈ ਰਹੇ ਹਾਂ ਅਤੇ ਇਕ ਫੁੱਲ ਤੇ ਸਮਾਧਿਤ, ਪਾਣੀ ਤੇ ਅਚਲ ਬੈਠੇ ਹੁੰਦੇ ਹਾਂ। ਅਜੇ ਤੀਕਰ ਨਾਮ ਦਾਤ ਪ੍ਰਾਪਤ ਨ ਹੋਣ ਕਰਕੇ ਆਪ ਨਿਤਨੇਮ ਵਿਚ ਹੋਰ ਬਾਣੀਆਂ ਤੋਂ ਇਲਾਵਾ 25 ਪਾਠ ਜਪੁਜੀ ਸਾਹਿਬ ਅਤੇ 5 ਪਾਠ ਸੁਖਮਨੀ ਸਾਹਿਬ ਦੇ ਅਬੋਲ ਹੀ ਸੁਰਤ ਰਾਹੀਂ ਕਰਿਆ ਕਰਦੇ ਸਨ। ਆਪਨੇ ਦੱਸਿਆ ਕਿ ਪਾਠ ਅੰਦਰ ਸ਼ੁਰੂ ਹੋ ਜਾਣਾ, ਅਸੀਂ ਤਾਂ ਸਰੋਤੇ ਬਣਕੇ ਹੀ ਸੁਣਿਆ ਕਰਦੇ ਸਾਂ। ਸੰਸਾਰੀ ਫੁਰਨਾ ਕੋਈ ਉਠਦਾ ਹੀ ਨਹੀਂ ਸੀ। ਇਕ ਵਾਰੀ ਆਪ ਦੇ ਭਰਾ ਨੇ ਦਰਵਾਜ਼ੇ ਨੂੰ ਤਾਲਾ ਲਾ ਦਿਤਾ ਕਿ ਆਪ ਬਾਹਰ ਨ ਜਾਣ। ਜਦੋਂ 02.30 ਵਜੇ ਉਹ ਮੋਤੀ ਮਹਿਲ ਤੋਂ ਆਏ ਤਾਂ ਕੀ ਦੇਖਦੇ ਹਨ ਕਿ ਆਪ ਜੀ ਪਉੜੀਆਂ ਵਿਚ ਸਮਾਧੀ ਲਾਈ ਅਡੋਲ ਬੈਠੇ ਹਨ। ਉਸ ਦਿਨ ਤੋਂ ਉਹਨਾਂ ਨੇ ਭੀ ਨਾਮ ਜਪਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਇਹ ਸੀ ਮਹਾਨ ਘਾਲਣਾ ਇਹਨਾਂ ਮਹਾਂਪੁਰਖਾਂ ਦੀ, ਜਿਸਦੀ ਬੁਨਿਆਦ ਉਤੇ ਮਹਾਨ ਹਸਤੀ ਦੀ ਜੀਵਨ ਉਸਾਰੀ ਹੋਣੀ ਸੀ। ਇਹ ਗੱਲਾਂ ਵਾਲੇ ਗਿਆਨੀ ਨਹੀਂ ਸਨ, ਕਰਣੀ ਵਾਲੇ ਧੁਰੋਂ ਆਏ ਮਹਾਂਪੁਰਸ਼ ਸਨ।

***ਜੌਹਰੀ ਪਾਉਂਦੇ ਕੀਮਤਾਂ, ਦੁਖ ਮਿਟਾਵੇ ਪੀਰ।***

ਅਗਸਤ 1923 ਵਿਚ ਆਪ ਜੀ ਦਾ ਮਿਲਾਪ, ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨਾਲ ਹੋਇਆ। ਉਹਨਾਂ ਦੀ ਅਤਰ ਸੁਗੰਧੀ ਸੰਸਾਰ ਵਿਚ ਫੈਲ ਰਹੀ ਸੀ। ਐਉਂ ਲੱਗਿਆ ਕਿ ਅਤਰ ਲਈ ਗੁਲਾਬ ਆਪ ਹੀ ਆ ਗਿਆ। ਇਕੋ ਨਜ਼ਰ ਵਿਚ ਆਪਨੂੰ ਪਛਾਣਿਆ ਗਿਆ। ਅੰਮ੍ਰਿਤ ਛਕਾ ਕੇ ਨਾਮ ਦੀ ਦਾਤ, ਨਾਮ ਦੀ ਸੁਖੈਨ ਜੁਗਤ, ਚਿਤ ਨੂੰ ਇਕਾਗਰ ਕਰਨ ਦੇ ਭੇਦ, ਸ਼ਬਦ ਸੁਰਤ ਦੇ ਨਾਮ ਮਾਰਗ ਦੀ ਸੋਝੀ ਬਖਸ਼ ਦਿਤੀ। ਇਮਤਿਹਾਨ ਦੇਣ ਲਈ ਵਾਪਸ ਭੇਜ ਦਿਤੇ, ਪਰ ਹੁਣ ਨਾਮ ਦੇ ਰਸ, ਨਾਮ-ਨਾਮੀ ਦੇ ਪਿਆਰ ਦਾ ਵੇਗ ਸੁਰਤੀ ਉਪਰ ਐਨਾ ਪ੍ਰਬਲ ਛਾ ਗਿਆ ਕਿ ਹਰ ਵਕਤ ਸੁਰਤਿ ਅੰਤਰ ਮੁਖ ਹੋ ਕੇ ਅਕਹਿ ਚਰਨ ਕਮਲੀ ਮੌਜ ਵਿਚ ਲੀਨ ਹੋ ਗਈ। ਇਮਤਿਹਾਨ ਕਿਵੇਂ ਦਿਤਾ, ਕੀਹਨੇ ਦਿਤਾ, ਇਹ ਗੱਲਾਂ ਜਾਨਣ ਦੀ ਲੋੜ ਨਹੀਂ। ਆਪ ਦੀ ਅਵਸਥਾ ਕੁਝ ਅਜੇਹੀ ਸੀ -

***ਕਬੀਰ ਸਤਿਗੁਰ ਸੂਰਮੇ***
***ਬਾਹਿਆ ਬਾਨੁ ਜੁ ਏਕੁ ।।***
***ਲਾਗਤ ਹੀ ਭੁਇ ਗਿਰਿ ਪਰਿਆ***
***ਪਰਾ ਕਰੇਜੇ ਛੇਕੁ ।।*** *ਅੰਗ - ੧੩੭੪*

ਆਲਸ, ਨੀਂਦ, ਭੁੱਖ, ਤੇਹ, ਦਿਲ ਪਰਚਾਵੇ ਦੀਆਂ ਗੱਲਾਂ ਸੁਪਨਾ ਬਣ ਗਈਆਂ। ਨੇਤਰਾਂ ਵਿਚ ਅਰੋਕ ਅਥਰੂ ਵਗਣੇ, ਅੰਦਰਲੇ ਦਾ ਪ੍ਰਤੀਕ ਪਰਗਟ ਹੋ ਰਹੇ ਸਨ।

***ਸਾਂਈ ਵਾਲੇ ਸੁਖ ਨ ਸੌਂਦੇ***
***ਅਤੇ ਰਜ ਨ ਖਾਂਦੇ ਰੋਟੀ।***
***ਔਰਤ ਦੇਖ ਓਹ ਨਾਹਿ ਲੁਭਾਵਨਿ,***
***ਚਾੜ੍ਹੀ ਅਸਲ ਲੰਗੋਟੀ।***
***ਮਨ ਤੇ ਸਭ ਮਨਵਾਵਣ ਅਪਣੀ,***
***ਸਚ ਦੀ ਮਾਰ ਕਸੌਟੀ।***
***ਚੂਹੜ ਸਾਂਈ ਵਾਲਾ ਕੋਈ,***
***ਹੋਰ ਸਗਲੀ ਖਲਕਤ ਖੋਟੀ।***
***ਪੰਨਾ - ੭੧ (ਰੂਹਾਨੀ ਸੰਦੇਸ਼)***

ਆਪ ਪਿਆਰ ਵਿਚ ਪੂਰੀ ਤਰ੍ਹਾਂ ਵਿਕ ਗਏ। ਗੁਲਾਬ ਤੋਂ ਈਸ਼ਰ ਬਨਣ ਲਗੇ। ਆਪਾ ਚਰਨਾਂ ਵਿਚ ਭੇਟ ਕਰ ਦਿਤਾ। ਆਪਨੇ ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਲੀਨ ਹੋ ਕੇ ਉਹਨਾਂ ਦੀ ਰਜ਼ਾ ਵਿਚ ਆਪਣੀ ਹਸਤੀ ਰਲਾ ਦਿਤੀ। ਮੁਰਦੇ ਵਾਂਗੂੰ ਅਚਾਹ, ਅਫੁਰ ਹੋ ਕੇ ਹੁਕਮੀ ਘਾਲ ਘਾਲਦੇ ਰਹੇ। ਪਿਆਰ ਵਿਚ ਆਪਾ ਵੇਚ ਕੇ ਗੁਲਾਮ ਬਣ ਗਏ। ਖਾਣਾ, ਸੌਣਾ, ਭੁੱਖ ਤੋਂ ਬੇਪ੍ਰਵਾਹ ਕਾਰੇ ਜੁਟੇ ਰਹਿੰਦੇ। ਜਿਨ੍ਹਾਂ ਨੇ ਇਹ ਕਰੜੀ ਘਾਲ ਅਖੀਂ ਵੇਖੀ, ਉਹ ਵੇਖ-ਵੇਖ ਕੇ ਆਪਣੇ ਸੀਸ ਸ਼ਰਧਾ ਵਿਚ ਨਿਵਾਉਂਦੇ ਸਨ। ਇਕ ਵਾਰੀ ਇਕ ਪ੍ਰੇਮੀ ਅੰਮ੍ਰਿਤ ਵੇਲੇ ਹੀ ਸੰਤ ਅਤਰ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ। ਕੀ ਦੇਖਦਾ ਹੈ ਕਿ ਇਹਨਾਂ ਦੇ ਗੜਵਈ, ਦਰਵਾਜ਼ੇ ਤੇ ਅਫੁਰ ਸਮਾਧੀ ਵਿਚ ਸੰਸਾਰ ਭੁੱਲੀਂ ਅਡੋਲ ਬੈਠੇ ਹਨ ਪਰ ਮੱਥੇ ਉਪਰ ਮਿਟੀ ਦਾ ਨਿਸ਼ਾਨ ਹੈ ਜੋ ਇਸ ਗਲ ਦਾ ਪ੍ਰਤੀਕ ਹੈ ਕਿ ਨੀਂਦ ਦਾ ਮੁਕਾਬਲਾ ਕਰਦਿਆਂ ਆਪ ਜੀ ਦਾ ਮਸਤਕ ਧਰਤੀ ਨਾਲ ਛੋਹਿਆ ਗਿਆ ਹੋਣਾ ਹੈ।

ਹਰ ਵਕਤ ਬੈਰਾਗ ਦੇ ਪ੍ਰਬਲ ਵੇਗ ਦੀ ਰੋੜ ਵਿਚ ਰੁੜ੍ਹੇ ਰਹਿੰਦੇ। 1924 ਅਪ੍ਰੈਲ ਤੋਂ ਇਕ ਰਸ ਸੇਵਾ, ਸਿਮਰਨ, ਹਰੀ ਕੀਰਤਨ ਵਿਚ ਲੀਨ ਰਹਿੰਦੇ। ਵੱਡੇ ਮਹਾਂਪੁਰਸ਼ਾਂ ਨਾਲ ਹੀ ਸੈਦੂ ਸਾਹਿਬ ਦੀ ਯਾਤਰਾ ਲਈ

ਗਏ। ਆਪ ਮੈਨੂੰ ਕਈ ਵਾਰੀ ਦਸਿਆ ਕਰਦੇ ਕਿ ਲੁੰਡੇ ਦਰਿਆ ਵਿਚ ਇਸ਼ਨਾਨ ਕਰਕੇ ਐਨਾ ਜ਼ੋਰ ਠੰਡ ਦਾ ਪੈਣਾ ਕਿ ਕਮੀਜ਼ ਦੇ ਬਟਨ ਭੀ ਨਾ ਲਾ ਸਕਣੇ। ਕਿਨਾਰੇ ਤੇ ਹੀ ਆਸਣ ਲਾ ਲੈਣਾ, ਦਿਨ ਦੇ ਦਸ ਵੱਜ ਜਾਣੇ, ਧੁੱਪ ਚੜ੍ਹ ਆਉਣੀ, ਸਰੀਰ ਵਿਚ ਨਿੱਘ ਵਰਤਣੀ, ਫਿਰ ਸੁੰਨ ਦੂਰ ਹੋਣ ਤੇ ਸਾਵਧਾਨ ਹੋਣਾ। ਵੱਡੇ ਸੰਤਾਂ ਨੇ ਇਸ ਅਕਥ ਘਾਲਨਾ ਤੋਂ ਪ੍ਰਭਾਵਿਤ ਹੋ ਕੇ ਕਫਣੀ ਪਹਿਨਾ ਕੇ ਬਚਨ ਕੀਤਾ ਕਿ ਹੁਣ ਸੰਸਾਰ ਵਲੋਂ ਮੁਰਦਾ ਹੋ ਕੇ ਗੁਰੂ ਸੇਵਾ ਵਿਚ ਜਿਉਣਾ। ਦੁਨੀਆਂ ਦੀ ਉਸਤਤਿ-ਨਿੰਦਿਆ, ਮਾਣ-ਅਪਮਾਨ, ਆਦਰ-ਅਨਾਦਰ ਤੋਂ ਅਛੋਹ ਰਹਿ ਕੇ ਆਤਮ-ਪ੍ਰਮਾਤਮ ਦੀ ਅੰਦਰੋਂ ਹੀ ਖੋਜ ਕਰਨੀ ਹੈ। ਜੀਰਾਂਦ ਵਿਚ ਵਰਤਣਾ ਹੈ-

***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।।***
***ਅੰਗ- ੧੩੮੧***

***ਖੋਦ ਖਾਦ ਧਰਤੀ ਸਹੇ,***
***ਕਾਟ ਕੂਟ ਬਨਰਾਇ।।***
***ਬੋਲ ਕਬੋਲ ਸਾਧੂ ਸਹੈ,***
***ਅਵਰ ਪੈ ਸਹਿਆ ਨ ਜਾਇ।।***

ਸਬਰ ਸ਼ੁਕਰ ਨੂੰ ਸਾਥੀ ਬਣਾਉਣਾ ਹੈ। ਲੋਹਾ ਕੰਚਨ ਨੂੰ ਇਕ ਸਮਾਨ ਜਾਣ ਕੇ ਸਮਾਨ ਬਿਰਤੀ ਧਾਰਨ ਕਰਨੀ ਹੈ।

21 ਜਨਵਰੀ 1927 ਨੂੰ ਵੱਡੇ ਮਹਾਂਪੁਰਸ਼ ਸਚਖੰਡ ਲੀਨ ਹੋ ਗਏ। ਵਿਛੋੜਾ ਅਸਹਿ ਸੀ। ਆਪ ਜੀ ਦਿਨ ਰਾਤ ਬੈਰਾਗ ਦਾ ਹੀ ਰੂਪ ਬਣੇ ਰਹਿੰਦੇ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ***
***ਮੰਤੁ ਨ ਮਾਨੈ ਕੋਇ।।***
***ਰਾਮ ਬਿਓਗੀ ਨਾ ਜੀਐ***
***ਜੀਐ ਤ ਬਉਰਾ ਹੋਇ।।*** *ਅੰਗ -* ***੧੩੬੮***

ਹਰ ਸਮੇਂ ਆਪ ਜੀ ਲਿਵ ਮੰਡਲ ਵਿਚ ਹੀ ਪ੍ਰਵੇਸ਼ ਰਖਦੇ। ਅਗਲੇ ਸਾਲ ਆਪ ਜੀ ਨੂੰ ਰਾੜੇ ਸਾਹਿਬ ਵਾਲੀ ਢੱਕੀ ਦੇ ਮਹਾਨ ਪੁੰਨ ਕਰਮਾਂ ਨੇ ਖਿਚ ਪਾਈ। ਜੀਵਾਂ ਦੀ ਪ੍ਰਬਲ ਪੁੰਨ ਪ੍ਰਾਲਬਧ ਨੂੰ ਅਨੁਭਵ ਕੀਤਾ ਅਤੇ ਇਸ ਪੁੰਨ ਭੂਮੀ ਨੂੰ ਆਪ ਜੀ ਨੇ ਤਪੋ ਭੂਮੀ ਅਤੇ ਕਰਮ ਭੂਮੀ ਵਜੋਂ ਚੁਣਿਆ। ਸੰਸਾਰ ਨੂੰ ਸੋਝੀ ਪਾਉਣ ਲਈ ਆਪ ਜੀ ਨੇ ਗੁਰਮਤਿ ਮਾਰਗ ਅਨੁਸਾਰ ਘਾਲ ਕਮਾਈ ਆਰੰਭ ਦਿਤੀ। ਗੁਰੂ ਕਾ ਲੰਗਰ ੨੪ ਘੰਟੇ ਚਲਣ ਲਗਿਆ। ਜਗਿਆਸੂ, ਭੌਰਿਆਂ ਵਾਂਗੂੰ ਨਾਮ ਰਸ ਦੀ ਭਿੰਨੀ ਸੁਗੰਧੀ ਲੈਣ ਲਈ ਪਿਛਲੇ ਪੁੰਨਾਂ ਦੇ ਪ੍ਰੇਰੇ ਪੁਜ ਗਏ।

***ਰੇਤ ਅਕੁ ਅਹਾਰ ਕਰਿ***
***ਰੋੜਾਂ ਦੀ ਗੁਰ ਕਰੀ ਵਿਛਾਈ***
***ਭਾਰੀ ਕਰੀ ਤਪਸਿਆ***
***ਵਡੇ ਭਾਗ ਹਰਿ ਸਿਉ ਬਣਿ ਆਈ।।***
***ਭਾਈ ਗੁਰਦਾਸ ਜੀ, ਵਾਰ - ੧/੨੪***

ਆਪ ਜੀ ਦੇ ਸਾਹਮਣੇ ਉਪਰਲਾ ਲਕਸ਼ ਸੀ। ਬਹੁਤ ਸਾਰੇ ਪ੍ਰੇਮੀ ਬਾਣੀ ਦੇ ਪਾਠ, ਸੁਰਤਿ ਇਕਾਗਰ ਕਰਕੇ ਕਰਨ ਲਗੇ। 25 ਸੁਖਮਨੀ ਸਾਹਿਬ ਦੇ ਪਾਠ ਸੁਰਤ ਨਾਲ, 108-108 ਜਪੁਜੀ ਸਾਹਿਬ ਦੇ ਪਾਠ, ਗੁਰੂ ਗਰੰਥ ਸਾਹਿਬ ਦੇ ਬਾਰਾਂ-ਬਾਰਾਂ ਘੰਟੇ ਪਾਠ, ਕੋਈ ਗੁਰਮੰਤ੍ਰ ਦਾ ਅਖੰਡ ਜਾਪ, ਕੋਈ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ।।', ***ਕੋਈ 'ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ।।,'*** ਕੋਈ ਆਤਮ ਚਿੰਤਨ, ਕੋਈ ਬ੍ਰਹਮ ਬੀਚਾਰੁ ਆਦਿ ਪ੍ਰੇਮ ਕਰਮਾਂ ਵਿਚ ਲੀਨ ਹੋ ਗਏ। ਅਲਪ ਅਹਾਰ, ਸੁਲਪ ਸੀ ਨਿੰਦ੍ਰਾ ਦੇ ਧਾਰਨੀ ਹੋ ਗਏ। ਦਿਨ ਵਿਚ ਇਕ ਵਾਰੀ ਖਿਚੜੀ ਤੇ ਇਕ ਵਾਰੀ ਸਰਦਾਈ, ਲੱਸੀ ਜਾਂ ਦੁੱਧ ਦਾ ਗਲਾਸ ਮਿਲਦਾ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਰੇਤਲੇ ਟਿੱਬਿਆਂ ਵਿਚ ਬੈਠ ਜਾਣਾ। ਦੁਪਹਿਰੇ ਰੇਤ ਤਪ ਜਾਣੀ, ਲੂ ਚਲਦੀ ਰਹਿਣੀ, ਰੇਤ ਅਗਨ ਰੂਪ ਹੋ ਜਾਣੀ ਪਰ ਆਪ ਜੀ ਦੀ ਅਖੰਡ ਸਮਾਧਿ ਕਈ-ਕਈ ਦਿਨ ਖੰਡਿਤ ਨ ਹੋਣੀ। ਜੇ ਆਪ ਦਰਵਾਜ਼ਾ ਬੰਦ ਕਰਕੇ ਬੈਠ ਗਏ ਤਾਂ ਸੱਤ-ਸੱਤ ਦਿਨ ਦਰਵਾਜ਼ਾ ਨ ਖੁਲ੍ਹਣਾ। ਭਾਦਰੋਂ ਦੇ ਸਖਤ ਹੁੰਮੜ੍ਹਾਂ ਤੋਂ ਅਚੇਤ ਹੋ ਕੇ ਸੁਰਤ ਵਾਹਿਗੁਰੂ ਜੀ ਦੇ ਪ੍ਰੇਮ ਪ੍ਰੀਤੀ ਅਤਿ ਗਹਿਰੀ ਲੀਨਤਾ ਵਿਚ ਲਿਵਤਾਰ ਰਹਿਣੀ।

ਸਰਦੀਆਂ ਵਿਚ ਨਹਿਰ ਦੇ ਠੰਡੇ ਪਾਣੀ ਵਿਚ ਇਸ਼ਨਾਨ ਕਰ ਕੰਢੇ ਤੇ ਹੀ ਸੱਜ ਜਾਣਾ। ਇਕੋ ਖੱਦਰ ਦੀ ਚਾਦਰ ਤੇ ਇਕ ਖੱਦਰ ਦਾ ਚੋਲਾ ਹੀ ਹੁੰਦਾ ਸੀ। ਕਈ ਵਾਰੀ ਕੱਕਰ ਉਪਰ ਜੰਮ ਜਾਣਾ, ਦਿਨ ਚੜ੍ਹੇ ਸਮਾਧੀ ਤੋਂ ਉਥਾਨ ਹੋਣਾ, ਏਹੋ ਕ੍ਰਿਆ ਉਸ ਸਮੇਂ ਦੇ ਨਾਲ ਬੈਠਦੇ ਸਾਥੀਆਂ ਦੀ ਸੀ।

***ਇਹ ਬਿਧਿ ਕਰਤ ਤਪਸਿਆ ਭਯੋ।।***

***ਦ੍ਵੈ ਤੇ ਏਕ ਰੂਪ ਹੋ ਗਯੋ।।*** ***(ਦਸਮ ਗ੍ਰੰਥ)***

***ਅਲਪ ਆਹਾਰ ਸੁਲਪ ਸੀ ਨਿੰਦ੍ਰਾ,*** ਕਾਰਨ ਸਰੀਰ ਤਾਂ ਪਿੰਜਰ ਹੀ ਬਣ ਗਿਆ ਪਰ ਚੇਹਰੇ ਦੀ ਆਭਾ ਤੋਂ ਰੋਸ਼ਨੀ ਦੀ ਭਾਅ ਮਾਰਦੀ ਰਾਤ ਦੇ ਅਨ੍ਹੇਰੇ ਵਿਚ ਨੂਰੀ ਕਿਰਣਾਂ ਝਰਦੀਆਂ ਰਹਿਣੀਆਂ। ਤਪ-ਤੇਜ਼ ਰਾਹੀਂ ਜਲਾਲ ਐਨਾ ਵਧ ਗਿਆ ਕਿ ਆਪਦੇ ਨੇਤ੍ਰਾਂ ਵਲ ਵੇਖ ਹੀ ਨਹੀਂ ਸੀ ਹੁੰਦਾ। (Megnetic) ਮਿਕਨਾਤੀਸੀ ਪ੍ਰਭਾਵ, ਨੇਤਰਾਂ ਵਿਚ ਐਨਾ ਪ੍ਰਬਲ ਹੋ ਗਿਆ ਕਿ ਜੇ ਇਕ ਵਾਰੀ ਝਾਕ ਲੈਂਦੇ ਤਾਂ ਅੰਦਰ ਝਰਨਾਟਿਆ ਜਾਣਾ ਅਤੇ ਆਪੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਣਾ ਅਤੇ ਕਈ ਕਈ ਦਿਨ ਨ ਬੰਦ ਹੋਣਾ।

ਕੋਈ ਅੰਦਰੂਨੀ ਅਵਸਥਾ ਬਾਰੇ ਕੁਝ ਭੀ ਕਹਿ ਨਹੀਂ ਸਕਦਾ ਕਿਉਂਕਿ ਮਹਾਂਪੁਰਖ ਆਪਣੀਆਂ ਅਵਸਥਾਵਾਂ ਦੇ ਇਸ਼ਤਿਹਾਰ ਨਹੀਂ ਕੱਢਦੇ -

***ਹੋਨਿ ਨਜ਼ੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ।।*** *ਅੰਗ - **੧੩੮੪***

ਪਰ ਕਦੇ-ਕਦੇ ਕਿਸੇ ਜਗਿਆਸੂ ਦੇ ਭਲੇ ਲਈ ਕੁਝ ਕੁ ਪਰਗਟ ਭੀ ਕਰ ਦਿੰਦੇ ਸਨ। ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ, ਦਿੱਲੀ ਤੋਂ ਇਕ ਪ੍ਰੇਮੀ ਨੇ ਤੁਹਾਡਾ ਜੀਵਨ ਲਿਖਣ ਦੇ ਫੁਰਨੇ ਨਾਲ ਮੈਥੋਂ ਕੁਝ ਤਥ ਮੰਗੇ ਹਨ। ਆਪ ਨੇ ਫੁਰਮਾਇਆ ਕਿ ਸੰਤਾਂ ਦਾ ਜੀਵਨ ਕੋਈ ਸਾਧੂ ਹੀ ਲਿਖ ਸਕਦਾ ਹੈ, ਲਿਖਾਰੀ ਨਹੀਂ। ਲਿਖਾਰੀ ਨੇ ਬਾਹਰਲੀਆਂ ਘਟਨਾਵਾਂ ਲਿਖਣੀਆਂ ਹਨ। ਅੰਦਰਲੀਆਂ ਬਾਰੇ ਉਸਨੂੰ ਗਿਆਨ ਨਹੀਂ। ਮੇਰੇ ਬਾਰ-ਬਾਰ ਪੁੱਛਣ ਤੇ ਫੁਰਮਾਇਆ ਕਿ ਅਸੀਂ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ। ਰਾਤਾਂ, ਪਲੰਘਾਂ ਤੇ ਨਹੀਂ, ਸਫਾਂ ਅਤੇ ਭੂਮੀ ਤੇ ਹੀ ਕੱਟੀਆਂ ਸਨ। ਫਿਰ ਨਾਮ ਦੀ ਅਵਸਥਾਵਾਂ ਬਾਰੇ ਦਸਦਿਆਂ ਕਿਹਾ ਕਿ ਜਦੋਂ ਅਸੀਂ ਸਹੰਸਰਾਰ, 1000 ਪੱਤੀਆਂ ਵਾਲੇ, ਅਤਿ ਰੋਸ਼ਨੀ ਵਾਲੇ ਚੱਕਰ ਵਿਚੋਂ ਲੰਘ ਰਹੇ ਸੀ ਤਾਂ ਰੂਹਾਨੀ ਸ਼ਕਤੀਆਂ, ਜੋ ਕਾਲ ਮੰਡਲ ਦੀ ਆਖਰੀ ਰੇਖਾ ਉਤੇ ਰੂਹ ਨੂੰ ਭੁਲਾਉਣ ਲਈ ਖੜ੍ਹੀਆਂ ਹੁੰਦੀਆਂ ਹਨ; ਪਹਿਲਾਂ ਆਪੋ-ਆਪਣੀ ਸ਼ਕਤੀ ਦਾ ਪਰੀਚਾ ਕਰਾ ਕੇ ਦਸ ਰਹੀਆਂ ਸਨ ਕਿ ਮੈਂ ਅੰਤਰਜਾਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਮੇਰੇ ਕੌਤਕ ਵੇਖੋ, ਕੋਈ ਅਵਾਜ਼ ਦਿੰਦੀ ਸੀ - ਮੈਂ ਦੂਰ ਦਰਸ਼ਕਤਾ ਹਾਂ, ਤੀਜੀ ਕਹਿੰਦੀ ਸੀ ਮੈਂ ਪ੍ਰੇਰਨਾ ਸ਼ਕਤੀ ਹਾਂ, ਰਾਜੇ ਮਹਾਰਾਜੇ ਤੁਹਾਡੇ ਚਰਨਾਂ ਤੇ ਲਿਆ ਸਕਦੀ ਹਾਂ; ਕੋਈ ਕਹੇ ਤੁਹਾਨੂੰ ਹਵਾ ਵਿਚੀਂ ਹਜ਼ਾਰਾਂ ਮੀਲਾਂ ਤੇ ਇਕ ਫੁਰਨਾ ਕਰਦੇ ਹੀ ਪਹੁੰਚਾ ਸਕਦੀ ਹਾਂ।

ਅਸੀਂ ਬੈਰਾਗ ਦੀ ਪਰਬਲਤਾ ਕਰਕੇ ਕੋਈ ਧਿਆਨ ਨ ਦਿਤਾ। ਫਿਰ ਇਹ ਇਸਤਰੀ ਰੂਪ ਵਿਚ ਰੋ-ਰੋ ਕੇ, ਅੰਗੀਕਾਰ ਕਰਨ ਲਈ ਬੇਨਤੀਆਂ ਕਰਨ, ਪਰ ਅਸਾਡਾ ਨਿਸ਼ਾਨਾ ਕਾਲ ਮੰਡਲ ਤੋਂ ਨਿਰੰਕਾਰ ਮੰਡਲ ਦਾ ਹੋਣ ਕਰਕੇ ਇਹਨਾਂ ਦੀਆਂ ਠਗਣੀਆਂ ਚਾਲਾਂ ਵਿਚ ਫਸ ਨ ਸਕਿਆ। ਫਿਰ ਜਦੋਂ ਨਾਮ ਮੰਡਲ ਵਿਚ ਸੁਰਤ ਦਾ ਨਿਵਾਸ ਹੋ ਜਾਂਦਾ ਹੈ ਤਾਂ ਇਹ ਪਿਛੇ ਲਗ ਤੁਰਦੀਆਂ ਹਨ -

***ਨਵਨਿਧੀ ਅਠਾਰਹ ਸਿਧੀ***
***ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ।।***

***ਅੰਗ - ੬੪੯***

ਪਰ ਗੁਰਮੁਖ ਜਨ, ਫੇਰ ਭੀ ਇਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਕਿਉਂਕਿ ਇਹ ਸੇਵਾਦਾਰਨੀਆਂ ਬਣੀਆਂ ਭੀ ਕੁਟਲ, ਕਠੋਰ ਲੁਭਾਉਣ ਵਾਲੀਆਂ ਹਨ, ਭੀੜਾਂ ਇਕੱਠੀਆਂ ਕਰਦੀਆਂ ਹਨ।

ਆਪ ਦਇਆ ਕਰਕੇ ਫੁਰਮਾਉਣ ਲਗੇ ਕਿ ਅਕਾਲ ਮੰਡਲ ਵਿਚ, ਪ੍ਰਵੇਸ਼ ਕਰਦੇ ਹੀ ਸੁਰਤ ਆਪਾ ਭਾਵ ਗੁਆ ਬੈਠਦੀ ਹੈ ਅਤੇ ਇਹ ਨਿੱਕੀ ਹਉਂ, ਪਰਮ ਆਪੇ ਦਾ ਰੂਪ ਹੀ ਬਣ ਜਾਇਆ ਕਰਦੀ ਹੈ। ਇਸ ਅਵਸਥਾ ਤੇ ਪੁਜਿਆ 'ਸੰਤ' 'ਗੁਰਮਖਿ' 'ਮਹਾਂਪੁਰਸ਼' ਦੀ ਉਪਾਧੀ ਧਾਰਨ ਕਰਦਾ ਹੈ ਇਸੇ ਕਰਕੇ 'ਸੰਤ ਅਨਤੰਹਿ ਅੰਤਰੁ ਨਾਹੀ।।' ਜਾਂ 'ਬ੍ਰਹਮ ਗਿਆਨੀ ਆਪਿ ਪਰਮੇਸ਼ਰ' ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ।।***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ।।***

***ਅੰਗ - ੩੯੭***

ਪੂਰਨ ਰੂਪ ਵਿਚ ਆਪ ਜੀ ਬਖਸ਼ਸ਼ ਦਾ ਦਰ ਪ੍ਰਾਪਤ ਕਰਕੇ, ਹੁਕਮ ਅੰਦਰ ਸੰਸਾਰ ਨੂੰ ਨਾਮ ਮਾਰਗ ਤੇ ਪਾ ਕੇ ਸੁਖੀ ਕਰਨ ਲਈ ਕੀਰਤਨ ਮੰਡਲ ਰਚੇ। ਦੇਸਾਂ-ਪ੍ਰਦੇਸਾਂ ਵਿਚ ਲੱਖਾਂ ਜਗਿਆਸੂਆਂ ਨੂੰ ਜੀਵਨ ਦਾਨ ਦੀ ਦਾਤ ਬਖਸ਼ੀ। ਸਤ ਲੱਖ ਪ੍ਰਾਣੀਆਂ ਤੋਂ ਵੱਧ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪ੍ਰਭੂ ਪਿਆਰ ਵਿਚ

ਪਰੋਏ, ਸਾਰੀ ਜ਼ਿੰਦਗੀ ਇਕ ਦਿਨ ਭੀ ਛੁਟੀ ਨਾ ਕੀਤੀ। ਆਪ ਕਿਹਾ ਕਰਦੇ ਸਨ ਕਿ ਭਾਈ ਤੁਹਾਨੂੰ ਸਭ ਨੂੰ ਛੁੱਟੀ ਹੋ ਜਾਂਦੀ ਹੈ, ਅਸਾਡੇ ਸਿਰ ਤੇ ਨਿਰੰਕਾਰ ਜੀ ਨੇ ਐਸੀ ਕਾਰ ਪਾਈ ਹੈ ਕਿ ਅਸਾਨੂੰ ਕਦੇ ਭੀ ਛੁੱਟੀ ਨਹੀਂ ਹੁੰਦੀ। ਅੰਮ੍ਰਿਤ ਵੇਲੇ ਜਾਗਣਾ, ਦਿਨੇ ਸੰਗਤਾਂ ਵਿਚ, ਰਾਤੀਂ ਕਥਾ ਕੀਰਤਨ, ਇਹ ਨਿੱਤ ਦਾ ਹੀ ਕਰਮ ਹੈ।

ਆਪ ਜੀ ਪੂਰਨ ਗਿਆਨਵਾਨ ਸਨ। ਕਈ ਪ੍ਰੇਮੀ ਖੇਦ ਮਹਿਸੂਸ ਕਰਨਗੇ ਜੇ ਮੈਥੋਂ ਇਹ ਕਹਿ ਹੋ ਜਾਵੇ ਕਿ ਆਪ ਜੀ ਦੇ ਸਰੀਰ ਵਿਚ ਪਰਮੇਸ਼ਰ ਹੀ ਦਰਸ਼ਨ ਦੇ ਰਹੇ ਸਨ। ਆਪ ਜੀ ਦੇ ਸੁਭਾਵ ਬਾਰੇ ਰੂਹਾਨੀ ਸੰਦੇਸ਼ ਪੰਨਾ 208 ਵਿਚ ਅੰਕਿਤ ਹੈ -

***ਜਨਮੇ ਦੀ ਖੁਸ਼ੀ ਕਦੇ ਕੀਤੀ ਹੈ ਨ ਆਪ ਜੀ ਨੇ***
***ਮਰੇ ਤਾਂ ਉਦਾਸੀ ਦਾ ਨਾ ਕਦੇ ਪ੍ਰਭਾਓ ਹੈ।***
***ਦੁਨੀਆਂ ਦਾ ਦੁਖ ਸੁਖ ਜਾਣਦੇ ਨੇ ਇਕੋ ਜਿਹਾ***
***ਵਰ ਤੇ ਸਰਾਪ ਦਾ ਨ ਰਖਿਆ ਲਗਾਓ ਹੈ।***
***ਸੰਗਤ ਨਿਵਾਸ ਰਖੀ ਆਸ ਹੈ ਨ ਕਿਸੇ ਦੇ ਵੀ***
***ਰਾਜੇ ਰੰਕ ਸੰਦਾ ਨਹੀ ਚਿਤ ਮਹਿ ਡਰਾਓ ਹੈ।***
***ਜਪਦੇ ਹੀ ਸਤਿਨਾਮੁ ਨਿਤ ਦੇਖੇ ਮੋਹਨ ਹਰਿ***
***ਕਾਹੂੰ ਸਿਓ ਨ ਵੈਰ ਸੰਤ ਜੀ ਸੁਭਾਓ ਹੈ।***

ਸੰਤ ਮਹਾਰਾਜ ਜੀ ਨਿਰਾ ਹੀ ਪ੍ਰੇਮ ਰੂਪ ਸਨ। ਜਿਸਨੇ ਇਕ ਵਾਰ ਦਰਸ਼ਨ ਕਰ ਲਏ, ਖਿਚ ਖਾ ਗਿਆ। ਪਿਛਲਾ ਸੁਭਾਅ ਬਦਲ ਗਿਆ ਅਤੇ ਨਾਮ ਜਾਪ ਵਲ ਲਗ ਗਿਆ। ਆਪ ਜੀ ਮਾਇਆ ਵਲੋਂ ਪੂਰਨ ਤੌਰ ਤੇ ਨਿਰਚਾਹ ਸਨ। ਚੰਡੀਗੜ੍ਹ ਚਾਰ ਪੰਜ ਵਾਰੀ ਲਿਆ ਕੇ ਕੀਰਤਨ ਕਰਾਏ, ਦੀਵਾਨ ਤਿੰਨ-ਤਿੰਨ ਹਫਤੇ ਲਗਦੇ ਰਹੇ, ਬੇ-ਪਨਾਹ ਇਕੱਠ ਹੁੰਦੇ। ਕਮੇਟੀਆਂ ਦੀਆਂ ਗੋਲਕਾਂ ਨਕੋ-ਨੱਕ ਭਰ ਜਾਂਦੀਆਂ, ਪਰ ਮਾਇਆ ਗ੍ਰਸੀਆਂ ਕਮੇਟੀਆਂ, ਮਹਾਂਪੁਰਖਾਂ ਦੇ ਆਦਰ ਲਈ ੨੫੦ ਰੁਪੈ ਸਿਰੋਪਾ ਭੇਟ ਕਰਦੀਆਂ। ਸੰਤ ਮਹਾਰਾਜ ਜੀ ਆਪਣੇ ਪਾਸੋਂ 500 ਰੁਪੈ ਕੱਢ ਕੇ, ਸਿਰੋਪੇ ਤੇ ਹੋਰ ਰੱਖ ਕੇ ਵਾਪਸ ਕਰ ਦਿੰਦੇ, ਉਹ ਕਮੇਟੀਆਂ ਦੀ ਮਾਇਕ ਭੁੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਲੰਡਨ 1974 ਵਿਚ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਵਿਚ ਕੀਰਤਨ ਕੀਤਾ। ਹਜ਼ਾਰਾਂ ਪੌਂਡਾਂ ਦਾ ਸਿਰੋਪਾ। ਜੋ ਅੱਜ ਕਲ ਦੇ ਕਈ ਲੱਖਾਂ ਦੇ ਬਰਾਬਰ ਹੈ, ਆਪ ਜੀ ਨੇ ਇਹ ਕਹਿ ਕੇ ਵਾਪਸ ਕਰ ਦਿਤਾ ਕਿ ਇਥੇ ਤੁਸੀਂ ਸੰਗਤਾਂ ਲਈ ਵੱਡਾ ਹਾਲ ਬਣਾਉ।

ਇਸ ਤਰ੍ਹਾਂ ਅਫਰੀਕਾ, ਇੰਗਲੈਂਡ ਆਦਿ ਦੂਰ ਇਲਾਕਿਆਂ ਵਿਚ ਗੁਰੂ ਨਾਨਕ ਗੁਰਮਤਿ ਸੰਦੇਸ਼ ਦਿਤਾ ਅਤੇ ਨਾਮ ਨਾਲ ਲੱਖਾਂ ਪ੍ਰੇਮੀ ਜੋੜੇ।

ਅੰਤ ਉਹ ਸਮੇਂ ਭੀ ਆ ਗਏ ਜਦੋਂ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਦੇ ਜਾਣਾ ਲੱਖਾਂ ਪ੍ਰੇਮੀਆਂ ਲਈ ਸਹਿਣਾ ਅਤਿ ਔਖਾ ਹੋ ਗਿਆ। ਆਪ ਜੀ ੫ ਅਗਸਤ 1905 ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ 27 ਅਗਸਤ 1975 ਵਿਚ ਪੰਜ ਭੂਤਕ ਚੋਲਾ ਛੱਡ ਕੇ ਪ੍ਰੇਮੀਆਂ ਲਈ ਅਸਹਿ ਵਿਛੋੜਾ ਦੇ ਗਏ, ਜੋ ਅੱਜ ਭੀ ਸਹਿਨ ਨਹੀਂ ਕੀਤਾ ਜਾ ਸਕਦਾ, ਅਜੇ ਭੀ ਹੰਝੂ ਵਹਿ ਤੁਰਦੇ ਹਨ।

ਆਪ ਨੇ ਇਥੇ ਕੀ ਉਪਕਾਰ ਕੀਤੇ - ਕੌਣ ਗਿਣੇ, ਕੌਣ ਕਹੇ; ਅਕਹਿ ਹਨ। ਆਪ ਗਿਆਨ ਦੇ ਸੂਰਜ, ਪ੍ਰੇਮ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਅ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਸਨ ਆਪ ਸਦੀਵੀ ਅਮਰ ਹਨ।

ਆਪ ਦੇ ਜੀਵਨ ਨਾਦ ਦੀ ਯਾਦ ਅੱਜ ਭੀ ਉਵੇਂ ਹੀ ਪ੍ਰੇਰਨਾ ਦੇ ਰਹੀ ਹੈ ਜਿਵੇਂ ਆਪ ਦਾ ਸਰੀਰਧਾਰੀ ਹੋਣ ਦੇ ਸਮੇਂ ਸੀ। ਆਪ ਤੋਂ ਵਰੋਸਾਏ ਹੋਏ ਆਪ ਦੇ ਪਿਆਰ ਰਸ ਮਾਣਦੇ ਭੌਰੇ ਉਸੇ ਚਾਲੀ ਤੇ ਚਲ ਕੇ, ਆਪ ਦੇ ਦਰਸਾਏ ਮਾਰਗ ਤੇ ਚਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ। ਇਕ ਫੁਲਾਂ ਦੇ ਗੁਲਦਸਤੇ ਦੇ ਰੂਪ ਵਿਚ ਸੰਸਾਰ ਨੂੰ ਸੁਗੰਧੀ ਪ੍ਰਦਾਨ ਕਰ ਰਹੇ ਹਨ। ਇਕ ਰਾੜਾ ਸਾਹਿਬ ਤੋਂ ਹੋਰ ਕਈ ਆਸ਼ਰਮ ਬਣ ਕੇ, ਆਪ ਤੋਂ ਗੁਰਮਤਿ ਪ੍ਰਕਾਸ਼ ਪ੍ਰਾਪਤ ਕੀਤੇ ਨੂਰ ਨੂੰ, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁਪ ਅਨ੍ਹੇਰੀਆਂ ਕੋਠੜੀਆਂ ਵਿਚ, ਨਿਰਮਲ ਜੋਤਿ ਦੇ ਪ੍ਰਕਾਸ਼ ਨੂੰ ਸਮੋ ਕੇ ਪ੍ਰਕਾਸ਼ਿਤ ਕਰ ਰਹੇ ਹਨ।

ਉਹਨਾਂ ਦੀ ਯਾਦ, ਸਮੇਂ ਦੀ ਚਾਲ ਨਾਲ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਵਾਹਿਗੁਰੂ ਜੀ ਉਹਨਾਂ ਦੀ ਪਿਆਰੀ ਯਾਦ ਦਾ ਇਕ ਕਿਣਕਾ ਅਸਾਨੂੰ ਭੀ ਬਖਸ਼ਣ ਅਤੇ ਗੁਰੂ ਮੇਹਰ ਨਾਲ ਅਸਾਡਾ ਜੀਵਨ ਸਫਲ ਹੋਵੇ - ਇਹੋ ਤੀਬਰ ਕਾਮਨਾ ਹੈ।

# ਮੰਝ ਪਿਆਰਾ ਗੁਰੂ ਨੂੰ......।
## (ਸ਼ਾਹੋਂ ਵਿਛੜਿਆ ਵਣਜਾਰਾ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-25)*

ਐਨੀ ਕੁ ਛਿਨਭੰਗਰ ਦੇਹੀ ਹੈ, ਭਾਈ ਗੁਰਦਾਸ ਜੀ ਕਹਿੰਦੇ-

*ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।*

ਇਹ ਦੇਹੀ ਛਾਰ ਬਣ ਜਾਂਦੀ ਹੈ, ਛਿਨ ਭੰਗਰ ਹੈ। ਪਤਾ ਨਹੀਂ ਕਿਹੜੇ ਵੇਲੇ ਐਨਾ ਕੁ ਠਣਕਾ ਲਗ ਗਿਆ, ਤੁਰਿਆ ਜਾਂਦਾ ਹੈ, ਸਕੂਟਰ ਹੀ ਕਿਸੇ 'ਚ ਜਾ ਲੱਗੇ।

ਕੱਲ੍ਹ ਮੈਂ ਇਥੇ ਬਡਹੇੜੀ ਗਿਆ, ਸ. ਮਹਿੰਦਰ ਸਿੰਘ, ਉਹਨੇ ਕਹਿੰਦੇ ਸਾਡੀ ਭਾਣਜੀ ਹੈ, ਉਹਨਾਂ ਦੇ ਘਰ ਜ਼ਰੂਰ ਚੱਲੋ। ਉਥੇ ਗਿਆ ਤਾਂ ਬੀਬੀ ਦੀ ਲੱਤ 'ਤੇ ਸੱਟ ਲੱਗੀ ਹੋਈ ਸੀ। ਟੁੱਟ ਗਈ ਸੀ ਦੋ ਵਾਰੀ ਲੱਤ। ਮੈਂ ਕਿਹਾ, ਬੇਟਾ! ਕਿਵੇਂ ਹੋਈ? ਕਹਿਣ ਲੱਗੇ, ਮੇਰੀ ਇਕ ਭੈਣ ਸੀ, ਭਣੌਈਆ ਸੀ ਤੇ ਮੈਂ ਉਹਨਾਂ ਨੂੰ ਲੈ ਕੇ ਆ ਰਹੀ ਸੀ ਤੁਹਾਡੇ ਵਲ। ਰਸਤੇ 'ਚ ਮੁੜੇ ਤਾਂ ਟਰੱਕ ਨੇ ਆ ਕੇ ਵਿਚ ਮਾਰਿਆ। ਲਗਦੇ ਸਾਰ ਉਹ ਤਾਂ ਉਥੇ ਹੀ ਚੜ੍ਹਾਈ ਕਰ ਗਿਆ, ਦੂਜੀ ਭੈਣ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ, ਮੇਰੀ ਇੱਕ ਟੁੱਟ ਗਈ।

ਕੋਈ ਹੈ ਇਹਦਾ ਭਰਵਾਸਾ? -

*ਕਹਾ ਬਿਸਾਸਾ ਇਸ ਭਾਂਡੇ ਕਾ*
*ਇਤਨਕੁ ਲਾਗੈ ਠਨਕਾ ॥ ਅੰਗ - ੧੨੫੩*

ਇਹਦਾ ਮਾਣ ਕਰੀਂ ਬੈਠਾ ਹੈ ਇਹ, ਲੋਕਾਂ ਨਾਲ ਲੜਾਈਆਂ ਝਗੜੇ, ਫਸਾਦ ਕਰਦੈ, ਪਤਾ ਨਹੀਂ ਕਦੋਂ ਤੁਰ ਜਾਣੈ। ਸੋ ਕਹਿੰਦੇ, ਦੁਰਲੱਭ ਚੀਜ਼ ਹੈ, ਇਸ ਗੱਲ ਨੂੰ ਪਛਾਣ ਲਓ। ਜਦੋਂ ਤੱਕ ਇਹ ਨਹੀਂ ਪਛਾਣਦੇ ਐਵੇਂ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੇ ਹੋ ਕਹੀ ਜਾਂਦਾ ਹੈਂ ਕਿ ਮੈਂ ਇਹੋ ਜਿਹਾ, ਇਹੋ ਜਿਹਾ। ਕੁਛ ਵੀ ਨਹੀਂ ਹੈ ਤੇਰਾ। ਇਹਦੇ ਉਤੇ ਮਾਣ ਨਾ ਕਰ। ਇਹਦੇ ਵਿਚ ਕੁਛ ਨਹੀਂ ਹੈ -

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ- ੩੭੪*

ਇਹਦੇ ਵਿਚ ਜਿਹੜੀ ਅਸਲੀ ਚੀਜ਼ ਪ੍ਰਮਾਤਮਾ ਹੈ, ਆਤਮਾ ਹੈ ਜਿਹਨੂੰ ਰਤਨ ਕਹਿੰਦੇ ਨੇ, ਹੀਰਾ ਕਹਿੰਦੇ ਨੇ, ਜਦੋਂ ਤਕ ਤੈਨੂੰ ਇਹਦੀ ਪਛਾਣ ਨਹੀਂ ਆਉਂਦੀ, ਤੂੰ ਇਹ ਜਨਮ ਹੀ ਬਿਰਥਾ ਗਵਾ ਲਿਆ-

*ਪਾਣੀ ਦਾ ਕਰਿ ਪੁਤਰਾ ਉਡੈ ਨ ਪਉਣੁ ਖੁਲੇ ਨਉ ਦੁਆਰਾ।*
*ਭਾਈ ਗੁਰਦਾਸ ਜੀ*

ਐਵੇਂ ਪਾਣੀ ਦਾ ਇਕ ਪੁਤਲਾ ਜਿਹਾ ਬਣਨਾ ਸ਼ੁਰੂ ਹੋ ਗਿਆ ਤੇ ਇਹਦਾ ਸਾਹ ਨਹੀਂ ਖਤਮ ਹੁੰਦਾ। ਹਾਲਾਂਕਿ ਸਾਰੇ ਹੀ ਦੁਆਰੇ ਖੁਲ੍ਹੇ ਨੇ, ਅਜੇ ਬਣੇ ਵੀ ਨਹੀਂ ਹੈਗੇ, ਤਾਂ ਵੀ ਇਹਦੇ ਵਿਚ ਜਾਨ ਹੈ, ਜਿਉਂਦਾ ਫਿਰਦਾ ਹੈ -

*ਅਗਨਿ ਕੁੰਡ ਵਿਚਿ ਰਖੀਅਨਿ*
*ਨਰਕ ਘੋਰ ਮਹਿੰ ਉਦਰੁ ਮਝਾਰਾ। ਭਾਈ ਗੁਰਦਾਸ ਜੀ*

ਪਕਾਉਣ ਵਾਸਤੇ ਅੱਗ ਦੇ ਕੁੰਡ ਵਿਚ ਰੱਖਿਆ ਹੋਇਆ ਹੈ। ਉਹ ਕਿਹੜਾ ਸਾਫ ਸੁਥਰਾ ਹੈ, ਹਨ੍ਹੇਰ ਗੁਬਾਰ ਹੈ, ਕੁਛ ਰੋਸ਼ਨੀ ਨਹੀਂ, ਕੁਛ ਸੁਣਦਾ ਨਹੀਂ ਤੇ ਪੇਟ ਦੇ ਵਿਚ ਰੱਖਿਆ ਹੋਇਆ ਹੈ। ਉਥੇ ਜਦੋਂ ਇਹਨੂੰ ਸੋਝੀ ਪਈ, ਇਹਨੂੰ ਇਕ ਚੀਜ਼ ਸੁਣੀ। ਕਿਉਂਕਿ ਅਵਾਜ਼ ਤਾਂ ਉਥੇ ਕੋਈ ਹੈ ਨਹੀਂ ਸੀ। ਨਉ ਦੁਆਰੇ ਬੰਦ ਸੀਗੇ। ਉਸ ਵੇਲੇ ਦਸਵਾਂ ਖੁਲ੍ਹਾ ਸੀਗਾ। ਅਜੇ ਬੰਦ ਕਰਨ ਵਾਸਤੇ ਮਾਇਆ ਦਾ ਅਸਰ ਨਹੀਂ ਸੀ ਪਿਆ। ਇਹਨੇ ਕੀ ਦੇਖਿਆ, ਸੁਖਮਨਾ ਨਾੜੀ ਦੇ ਅੰਦਰ ਧੁਨੀ ਆ ਰਹੀ ਹੈ-ਕੋਈ ਬੜੀ ਮਿੱਠੀ। ਉਹ ਸ਼ਬਦ ਆ ਰਿਹਾ ਹੈ ਜਿਸ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ। ਜਿਸ ਨੂੰ ਸੌ ਸ਼ਬਦ ਕਹਿੰਦੇ ਨੇ।

ਸਿੱਧਾਂ ਨੇ ਪੁੱਛਿਆ ਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਜਦੋਂ ਕੁਛ ਵੀ ਨਹੀਂ ਸੀ ਹੁੰਦਾ, ਦੇਹੀ ਨਹੀਂ ਸੀ, ਅਕਾਰ ਨਹੀਂ ਸੀ ਹੁੰਦਾ, ਕੋਈ ਸੂਰਜ ਨਹੀਂ ਸੀ ਹੁੰਦਾ, ਚੰਨ ਨਹੀਂ ਸੀ ਹੁੰਦਾ, ਤਾਰੇ ਨਹੀਂ ਸੀ ਹੁੰਦੇ, ਪਉਣ, ਪਾਣੀ, ਬੈਸੰਤਰ ਨਹੀਂ, ਅੱਗ ਨਹੀਂ

ਸੀ ਹੁੰਦੀ, ਕੋਈ ਸਮਾਂ ਨਹੀਂ ਸੀ ਹੁੰਦਾ, ਫੇਰ ਇਹ ਸ਼ਬਦ ਕਿੱਥੇ ਰਹਿੰਦਾ ਸੀ? -

*ਸੁ ਸਬਦ ਕਾ ਕਹਾ ਵਾਸੁ ਕਥੀਅਲੇ*
*ਜਿਤੁ ਤਰੀਐ ਭਵਜਲੁ ਸੰਸਾਰੋ ॥ ਅੰਗ- ੯੪੪*

ਸ਼ਬਦ ਕਿੱਥੇ ਰਹਿੰਦਾ ਸੀ ਜਿਹੜਾ ਹੁਣ ਸਾਨੂੰ ਸੁਣਦੈ? ਮਹਾਰਾਜ ਕਹਿੰਦੇ, ਉਹ ਤਾਂ -

*.......ਸੁੰਨ ਨਿਰੰਤਰਿ ਵਾਸੁ ਲੀਆ ॥ ਅੰਗ - ੯੪੦*

ਉਹ ਤਾਂ ਵਾਹਿਗੁਰੂ ਦੀ ਅਫੁਰ ਅਵਸਥਾ ਵਿਚ ਟਿਕਿਆ ਹੋਇਆ ਸੀ। ਜਿਥੇ ਹੁਕਮ ਟਿਕਿਆ ਹੋਇਆ ਸੀ, ਉਥੇ ਸ਼ਬਦ ਟਿਕਿਆ ਹੋਇਆ ਸੀ। ਇਹ ਹੁਕਮ ਤੇ ਸ਼ਬਦ ਜਿਹੜੇ ਨੇ ਇਹ ਇਕੱਠੇ ਚਲਦੇ ਨੇ ਦੋਵੇਂ। ਇਹ ਦੋਵੇਂ ਕਿਰਿਆ ਕਰਦੇ ਨੇ। ਸ਼ਬਦ ਦੀ ਹੁੰਦੀ ਹੈ ਧੁਨ, ਹੁਕਮ ਆਪਣੀ ਕਿਰਿਆ ਕਰਨੀ ਸ਼ੁਰੂ ਕਰ ਦਿੰਦੈ। ਜਗਤ ਦਾ ਪਸਾਰਾ ਹੋ ਜਾਂਦੈ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ- ੧*

ਆਹ ਜੀਅ ਜਿੰਨੇ ਨੇ, ਸਾਰੇ ਹੁਕਮ ਦੀ ਕਿਰਿਆ ਵਿਚ ਹੋਏ ਨੇ। ਸ਼ਬਦ ਨੇ ਇਹ ਸਾਂਭ ਕੇ ਰੱਖੇ ਨੇ। ਇਹ ਇਕੱਠੇ ਹੀ ਚਲਦੇ ਨੇ। ਇਸ ਕਰਕੇ ਹੁਕਮ ਤੇ ਨਾਮ ਨੇੜੇ-ਨੇੜੇ ਹੀ ਨੇ, ਬਹੁਤਾ ਦੂਰ ਨਹੀਂ। ਇਕ ਥਾਂ ਤਾਂ ਇੱਕੋ ਹੀ ਹੋ ਜਾਂਦੇ ਨੇ ਦੋਵੇਂ।

ਸੋ ਉਹ ਸ਼ਬਦ ਸੁਣਦੈ ਜਿਹਨੂੰ ਨਾਮ ਕਹਿੰਦੇ ਨੇ, ਉਹ ਧਿਆਨ ਪਾ ਲੈਂਦੇ ਕਿ ਇਥੇ ਵਾਹਿਗੁਰੂ ਬਿਨਾਂ ਕੋਈ ਨਹੀਂ, ਇਕੋ ਹੀ ਸ਼ਬਦ ਹੈ -

*ਉਤਪਤਿ ਪਰਲਉ ਸਬਦੇ ਹੋਵੈ ॥*
*ਸਬਦੇ ਹੀ ਫਿਰਿ ਓਪਤਿ ਹੋਵੈ ॥ ਅੰਗ- ੧੧੭*

ਇਹਦੇ ਨਾਲ ਹੀ ਉਤਪਤੀ ਹੁੰਦੀ ਹੈ, ਇਹਦੇ ਨਾਲ ਹੀ ਪਰਲੋ ਆਉਂਦੀ ਹੈ। ਇਹੀ ਸ਼ਬਦ ਸਾਰੇ ਘਟ-ਘਟ 'ਚ ਸਮਾਇਆ ਹੋਇਆ ਹੈ, ਹੁਣ ਵੀ ਹੈਗਾ ਸਾਡੇ। ਤੁਹਾਡੇ ਵੀ ਹੈ ਸਭ ਦੇ ਅੰਦਰ ਹੈ। ਕਹਿੰਦੇ ਨੇ ਕਿ ਸਾਨੂੰ ਤਾਂ ਸੁਣਦਾ ਨਹੀਂ। ਮਹਾਰਾਜ ਕਹਿੰਦੇ, ਤਾਂ ਨਹੀਂ ਸੁਣਦਾ ਤੇਰਾ ਮਨ ਜਿਹੜਾ ਹੈ, ਉਹ ਮਾਇਆ ਨੇ ਮੋਹ ਲਿਆ। ਤੂੰ ਮਾਇਆ ਦੇ ਧਾਰਨ ਕਰਨ ਵਾਲਾ ਬਣ ਗਿਆ। ਨਾਮਧਾਰੀ ਨਹੀਂ ਰਿਹਾ, ਮਾਇਆਧਾਰੀ ਬਣ ਗਿਆ। ਜੇ ਤੂੰ ਨਾਮਧਾਰੀ ਰਹਿੰਦਾ, ਤੈਨੂੰ ਇਹ ਸ਼ਬਦ ਸੁਣ ਜਾਣਾ ਸੀ। ਤੂੰ ਮਾਇਆਧਾਰੀ ਹੋਣ ਦੇ ਨਾਲ ਤੇਰੀਆਂ ਦਿੱਬਯ ਅੱਖਾਂ ਅੰਨ੍ਹੀਆਂ ਹੋ ਗਈਆਂ, ਦਿੱਬਯ ਕੰਨ ਤੇਰੇ ਬੋਲੇ ਹੋ ਗਏ। ਉਹ ਬੋਲੇ ਹੋਣ ਨਾਲ ਬਾਹਰਲੇ ਕੰਨ ਜਦੋਂ ਖੁਲ੍ਹੇ, ਇਥੇ ਰੌਲਾ-ਘਚੌਲਾ ਮਚਿਆ ਪਿਆ ਹੈ, ਇਥੇ ਕੋਈ ਆਪਣਾ, ਕੋਈ ਬੇਗਾਨਾ ਰੌਲੇ 'ਚ ਰਲ ਗਿਆ। ਉਹਦੇ 'ਚ ਗੁਆਚ ਗਿਆ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਹੁਣ ਉਹ ਸ਼ਬਦ ਸੁਣਦਾ ਨਹੀਂ ਰੌਲਾ-ਘਚੌਲਾ ਮਚਿਆ ਪਿਐ। ਲੇਕਿਨ ਜਦੋਂ ਮਾਂ ਦੇ ਪੇਟ ਵਿਚ ਸੀ ਉਸ ਵੇਲੇ ਉਹ ਸ਼ਬਦ ਸੁਣਦਾ ਸੀ -

*ਅਗਨਿ ਕੁੰਡ ਵਿਚਿ ਰਖੀਅਨਿ*
*ਨਰਕ ਘੋਰ ਮਹਿੰ ਉਦਰੁ ਮਝਾਰਾ। ਭਾਈ ਗੁਰਦਾਸ ਜੀ*

*ਕਰੈ ਉਰਧ ਤਪੁ ਗਰਭ ਵਿਚਿ*
*ਚਸਾ ਨ ਵਿਸਰੈ ਸਿਰਜਣਹਾਰਾ। ਭਾਈ ਗੁਰਦਾਸ ਜੀ*

ਕਹਿੰਦੇ, ਉਥੇ ਪੁੱਠਾ ਲਟਕ ਕੇ ਤਪ ਕਰਦਾ ਸੀ, ਤਪਸਿਆ ਸੀ, ਦੁਖ ਸਹਿ ਰਿਹਾ ਸੀ ਪਰ ਜਿਵੇਂ ਕਲੋਰੋਫਾਰਮ ਸੁੰਘਾ ਦੇਈਏ, ਦੁਖ ਨਹੀਂ ਲਗਦਾ। ਇਸੇ ਤਰ੍ਹਾਂ ਦੇ ਨਾਲ ਸ਼ਬਦ ਦੀ ਧੁਨੀ 'ਚ ਐਸਾ ਮਸਤ ਹੋਇਆ ਜਿਸ ਨਾਲ ਇਹਨੂੰ ਸਾਰਾ ਦੁਖ ਭੁਲਿਆ ਹੋਇਆ ਸੀ। ਇਕ ਅੱਖ ਦਾ ਝਮਕਾ ਜਿਹੜਾ ਹੁੰਦੈ, ਇਹਦੇ ਨਾਲੋਂ ਜੇ 15 ਗੁਣਾਂ ਘੱਟ ਸਮਾਂ ਲਏ ਉਹਨੂੰ ਚਸਾ ਕਹਿੰਦੇ ਨੇ। ਐਨੀ ਕੁ ਦੇਰ ਵੀ ਇਹਨੂੰ ਵਾਹਿਗੁਰੂ ਨਹੀਂ ਸੀ ਵਿਸਰਦਾ। ਜੇ ਵਿਸਰਦਾ ਸੀ ਤਾਂ ਇਹ ਮਰ ਵੀ ਜਾਂਦਾ, ਯਾਦ ਰਹਿੰਦਾ ਸੀ -

*ਦਸੀ ਮਹੀਨੀ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।*
*ਭਾਈ ਗੁਰਦਾਸ ਜੀ*

ਜੇ ਤਾਂ ਹੁਣ ਯਾਦ ਰੱਖੇ ਉਸ ਵਾਹਿਗੁਰੂ ਨੂੰ ਫੇਰ ਤਾਂ ਭਾਈ ਇਹ ਲੰਘ ਸਕਦੈ। ਜੇ ਭੁੱਲ ਹੀ ਗਿਆ -

*ਜੰਮਦੇ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।*
*ਭਾਈ ਗੁਰਦਾਸ ਜੀ*

ਅਜੇ ਪੈਦਾ ਹੀ ਹੋਇਐ, ਸੰਸਾਰ ਦੀ ਹਵਾ ਦਾ ਪਹਿਲਾ ਬੁੱਲਾ ਲੱਗਿਆ ਹੈ। ਉਥੇ ਹੀ ਭੁੱਲਣਾ ਸ਼ੁਰੂ ਕਰ ਦਿਤਾ ਇਹਨੇ। ਕਿਉਂਕਿ ਉਥੋਂ ਮਾਇਆ ਸ਼ੁਰੂ ਹੋ ਗਈ -

*ਜੰਮਦੇ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।*

*ਭਾਈ ਗੁਰਦਾਸ ਜੀ*

ਹੁਣ ਜਿਹੜਾ ਅੰਦਰ ਰੱਖੀਂ ਬੈਠਾ ਸੀ ਉਹ ਭੁੱਲ ਗਿਆ। ਬਾਹਰੋਂ ਆਸਰਾ ਕੀਹਦਾ ਹੋ ਗਿਆ? ਆਕਸੀਜਨ ਦਾ। ਦੁੱਧ ਦਾ, ਪਾਣੀ ਦਾ ਆਸਰਾ ਹੋ ਗਿਆ। ਹਵਾ ਦਾ ਆਸਰਾ ਹੋ ਗਿਆ। ਉਹ ਜਿਹੜਾ ਰੱਖਣ ਵਾਲਾ ਕਰਤਾਰ ਸੀ ਉਹਦਾ ਆਸਰਾ ਇਹਨੂੰ ਭੁੱਲ ਕੇ ਇਹਦੀ ਨਵੀਂ ਦੁਨੀਆਂ ਸ਼ੁਰੂ ਹੋ ਗਈ।

*ਸ਼ਾਹੋ ਵਿਛੁੜਿਆ ਵਣਜਾਰਾ॥ ਭਾਈ ਗੁਰਦਾਸ ਜੀ*

*ਧਾਰਨਾ - ਸ਼ਾਹੋਂ ਵਿਛੜਿਆ ਵਣਜਾਰਾ,*
*ਮੋਹ ਲਿਆ ਮਾਇਆ ਮੋਹਣੀ ਨੇ।*

ਇਹ ਹੈ ਕਹਾਣੀ ਤੁਹਾਡੀ ਮੇਰੀ, ਸਾਰੇ ਸੰਸਾਰ ਦੀ। ਕਿਉਂਕਿ ਸ਼ਾਹ ਵਾਹਿਗੁਰੂ ਜਿਹਦੇ ਆਸਰੇ ਦੇ ਉਤੇ ਮਾਂ ਦੇ ਪੇਟ ਵਿਚ ਰਹਿੰਦਾ ਸੀ, ਉਹਨੂੰ ਜੰਮਦੇ ਸਾਰ ਭੁੱਲ ਗਿਆ। ਜਿਹੜਾ ਕੀਤੇ ਹੋਏ ਨੂੰ ਭੁੱਲ ਜਾਵੇ ਉਹਨੂੰ ਕੀ ਕਹਿੰਦੇ ਨੇ? ਉਹਦਾ ਨਾਉਂ ਹੋਇਆ ਕਰਦਾ ਹੈ, ਅਕ੍ਰਿਤਘਣ। 98 ਕਰੋੜ ਪਾਪਾਂ ਦੇ ਬਰਾਬਰ ਅਕ੍ਰਿਤਘਣ ਦਾ ਪਾਪ ਹੋਇਆ ਕਰਦਾ ਹੈ। ਕੀਤੇ ਹੋਏ ਨੂੰ ਨਾ ਜਾਨਣ ਵਾਲਾ ਜਿਹੜਾ ਬੰਦਾ ਹੁੰਦੈ, ਉਹ ਅਕ੍ਰਿਤਘਣ ਕਹਾਉਂਦਾ ਹੈ। ਇਸ ਲਿਸਟ ਵਿਚ ਦਾਖਲ ਹੋ ਗਏ ਸਾਧਸੰਗਤ ਜੀ ਅਸੀਂ। ਕਿਉਂਕਿ ਉਹ ਭੁੱਲ ਗਿਆ। ਉਸ ਵੇਲੇ ਕਿੰਨੀਆਂ ਮਿੰਨਤਾਂ ਕਰਦਾ ਸੀ ਜਦੋਂ ਇਹ ਨਾਮ ਦੀ ਧੁਨ ਵਿਚ ਮਸਤ ਸੀ ਤੇ ਸੋਝੀ ਸੀ ਪਿਛਲੇ 100 ਜਨਮ ਦੀ। ਉਸ ਵੇਲੇ ਦੇਖਦਾ ਸੀ ਕਿ ਮੈਂ ਹੁਣ ਨਾਮ ਜਪਾਂਗਾ। ਹੁਣ ਨਹੀਂ ਭੁਲਦਾ। ਪਿਛਲੀ ਵਾਰੀ ਆਹ ਗੱਲ ਹੋ ਗਈ ਸੀ ਤਾਂ ਭੁੱਲ ਗਿਆ ਸੀ। ਭੁੱਲਦਾ ਤਾਂ ਇਹ ਪੈਰ-ਪੈਰ 'ਤੇ ਹੈ। ਹੁਣੇ ਭੁੱਲ ਜਾਂਦਾ ਹੈ, ਸਤਿਸੰਗ 'ਚ ਬੈਠ ਕੇ, ਸੁਣ ਕੇ ਫੇਰ ਭੁੱਲ ਜਾਂਦਾ ਹੈ। ਕਿਤੇ ਯਾਦ ਰਖਦਾ ਹੈ ਇਹ? ਉਥੇ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੇਰੇ ਉਤੇ ਹੁਣ ਤੂੰ ਕ੍ਰਿਪਾ ਕਰ। ਮੈਨੂੰ ਇਸ ਕੁੰਭੀ ਨਰਕ 'ਚੋਂ ਬਾਹਰ ਕੱਢ ਦੇ। ਕੀ ਕਰੇਂਗਾ? ਉਥੇ ਜਾ ਕੇ ਲੋਕਾਂ ਨਾਲ ਮੁਕੱਦਮੇ ਕਰੇਂਗਾ, ਝਗੜੇ ਕਰੇਂਗਾ, ਛਲ ਕਰੇਂਗਾ, ਕਪਟ ਕਰੇਂਗਾ, ਰਿਸ਼ਵਤਾਂ ਖਾਏਂਗਾ। ਨਹੀਂ ਪ੍ਰਭੂ, ਇਹ ਮੈਂ ਸਜ਼ਾ ਪਹਿਲਾਂ ਬਹੁਤ ਭੁਗਤ ਚੁਕਿਆ ਹਾਂ। ਜੇ ਮੈਂ ਮਾਇਆ ਇਕੱਠੀ ਕੀਤੀ ਹੈ, ਤਾਂ ਮੈਂ ਸੱਪ ਦੀ ਜੂਨੀ ਵੀ ਭੁਗਤ ਚੁਕਿਆ ਹਾਂ। ਜੇ ਮੈ ਜਾਇਦਾਦ ਇਕੱਠੀ ਕਰੀ ਹੈ ਤਾਂ ਮੈਂ ਪ੍ਰੇਤ ਦੀ ਜੂਨੀ ਭੁਗਤ ਚੁੱਕਿਆ ਹਾਂ। ਹੇ ਪ੍ਰਮੇਸ਼ਰ! ਤੂੰ ਮੇਰੇ 'ਤੇ ਦਇਆ ਕਰਕੇ, ਮੈਨੂੰ ਫੇਰ ਮਨੁੱਖ ਬਣਾ ਦਿਤਾ। ਹੁਣ ਨਹੀਂ ਮੈਂ ਇਹ ਗੱਲ ਕਰਦਾ। ਹੁਣ ਕੀ ਕਰੇਂਗਾ? ਇਸ ਤਰ੍ਹਾਂ ਮਹਾਂਪੁਰਸ਼ ਦਸਿਆ ਕਰਦੇ ਨੇ -

*ਧਾਰਨਾ - ਜੀ ਮੈਂ ਨਾਮ ਜਪਾਂਗਾ ਤੇਰਾ,*
*ਇਥੋਂ ਮੈਨੂੰ ਕੱਢ ਮਾਲਕਾ।*

ਬਾਰ-ਬਾਰ ਬੇਨਤੀਆਂ ਕਰਦੀ ਹੈ, ਇਹ ਰੂਹ ਤੜਫਦੀ ਹੈ, ਦੁਖੀ ਹੁੰਦੀ ਹੈ, ਕੋਈ ਵਸ ਨਹੀਂ ਚਲਦਾ। ਪਿਛਲਾ ਸੌ ਜਨਮ ਯਾਦ ਹੈ। ਇਹ ਵੀ ਪਤਾ ਕਿ ਮੇਰੀ ਆਹ ਹਾਲਤ ਹੋਈ-ਹੋਈ ਹੈ। ਉਸ ਵੇਲੇ ਅਵਾਜ਼ ਆਉਂਦੀ ਹੈ ਕਿ ਐ ਜੀਵ! ਕੀ ਕਰੇਂਗਾ, ਸੰਸਾਰ 'ਚ ਜਾ ਕੇ? ਕਹਿੰਦਾ, ਜੀ ਮੈਂ ਜਾ ਕੇ ਨਾਮ ਜਪਾਂਗਾ। ਕਿੰਨਾਂ ਕੁ ਚਿਰ? ਕਹਿੰਦਾ, 24 ਘੰਟੇ। ਕਿਉਂਕਿ ਮੈਂ ਇਹ ਦੇਖ ਲਿਆ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥ ਅੰਗ- ੧੪੨*

ਜ਼ਿੰਦਗੀ ਤਾਂ ਹੈ ਹੀ ਨਾਮ ਦੀ, ਬਾਕੀ ਤਾਂ ਰੋਟੀ ਪਾਣੀ ਦੀ ਜ਼ਿੰਦਗੀ ਹੈ। ਕੈਮੀਕਲ ਜ਼ਿੰਦਗੀ ਹੈ ਬਾਕੀ ਸਾਰੇ ਸੰਸਾਰ ਦੀ। ਜਿਉਂਦਾ ਉਹ ਹੈ ਜਿਹਦੇ ਅੰਦਰ ਨਾਮ ਦੀ ਰੌਂ ਚਲਦੀ ਹੈ, ਬਾਕੀ ਸਾਰੇ ਮਰੇ ਹੋਏ ਨੇ। ਮੁਰਦੇ ਨੇ ਤੁਰਦੇ ਫਿਰਦੇ। ਲਾਸ਼ਾਂ ਤੁਰੀਆਂ ਫਿਰਦੀਆਂ ਨੇ। ਸੜ੍ਹਿਆਂਦ ਮਾਰਦੀ ਹੈ ਇਹਨਾਂ ਦੇ ਖਿਆਲਾਂ ਦੀ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਵਿਕਾਰ, ਮਹਾਂ ਲੋਭ, ਧ੍ਰੋਹ ਦੀਆਂ ਲਹਿਰਾਂ ਚਲਦੀਆਂ ਨੇ ਇਹਦੇ ਅੰਦਰੋਂ। ਗੱਲ ਭੁੱਲ ਗਿਆ ਸਾਰੀ। ਕਹਿਣ ਲੱਗੇ, ਤੂੰ ਹਰ ਵਾਰੀ ਗਲਤ ਕੰਮ ਕਰ ਦਿੰਦੈਂ ਜਾ ਕੇ। ਕਹਿੰਦਾ, ਨਾ ਮਹਾਰਾਜ! ਹੁਣ ਨਹੀਂ ਮੈਂ ਭੁੱਲਦਾ। ਕਹਿੰਦੇ, ਤੂੰ ਨਾ ਇਹ ਗੱਲ ਮੰਨਣੀ ਹੈ ਜਿਹੜੀ ਤੈਨੂੰ ਹੁਣ ਦੱਸੀ ਜਾ ਰਹੀ ਹੈ। ਤੂੰ ਕਹਿਣੈ, ਲੈ ਇਸ ਤਰ੍ਹਾਂ ਕਿਤੇ ਹੁੰਦੈ? ਜਵਾਬ ਦੇ ਦੇਵੇਗਾ ਤੇ ਨਾ ਤੂੰ ਕਿਸੇ ਮਹਾਂਪੁਰਸ਼ ਦੀ ਮੰਨਣੀ ਹੈ। ਜੇ ਤੂੰ ਭੁੱਲ ਜਾਏਂਗਾ ਤਾਂ ਫੇਰ ਯਾਦ ਕਰਾਉਣ ਵਾਲਾ ਸੰਸਾਰ 'ਤੇ ਚਾਹੀਦਾ ਹੈ ਨਾ। ਉਹ ਮੈਂ ਇੰਤਜ਼ਾਮ ਪਹਿਲਾਂ ਕਰਿਆ ਹੋਇਆ ਹੈ ਕਿ ਆਹ ਜੀਵ ਨੇ ਭੁੱਲਣਾ ਹੈ ਤੇ ਇਹਨੂੰ ਫੇਰ ਯਾਦ ਕਰਾਉਣ ਵਾਸਤੇ ਮਹਾਂਪੁਰਸ਼ ਭੇਜੇ ਹੋਏ ਨੇ, ਉਹ ਉੱਚੀ-ਉੱਚੀ ਬੋਲ ਕੇ ਇਸ ਨੂੰ

ਦਸਦੇ ਨੇ –

*ਧਾਰਨਾ – ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,*
*ਉਹਨੂੰ ਕਿਉਂ ਵਿਸਾਰੇਂ ਬੰਦਿਆ।*

ਯਾਦ ਕਰਾਉਂਦੇ ਨੇ ਸੰਤ ਗਾ ਕੇ, ਕਥਾ ਕਰਕੇ, ਅਨੇਕ ਤਰੀਕਿਆਂ ਨਾਲ ਯਾਦ ਕਰਾਉਂਦੇ ਨੇ –

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ ਅੰਗ- ੯੨੦*

ਇਹ ਕਹਿੰਦੈ ਹੈ ਕਿ ਕਿਹੜਾ ਪਹੁੰਚਾਉਂਦਾ ਸੀ ਮੈਨੂੰ ਆਹਾਰ? ਮੇਰੇ ਮੂੰਹ ਲੱਗਿਆ ਹੋਇਆ ਸੀ ਕਿ ਮੈਂ ਉਥੇ ਰੋਟੀ ਖਾਂਦਾ ਸੀ? ਹੁੱਜਤਾਂ ਕਰਦੈ। ਇਹ ਤਾਂ ਆਪੇ ਹੀ ਪੈਦਾ ਹੋ ਗਿਆ ਮੈਂ। ਮੈਨੂੰ ਕਿਸੇ ਸਾਂਭਿਐ? ਮੇਰਾ ਕੁਛ ਕਰਿਐ? ਸਾਰਿਆਂ ਤੋਂ ਜਵਾਬ ਦੇ ਦਿਤਾ। ਐਡਾ ਨਾਸਤਕ ਹੋਇਆ, ਕਹਿੰਦਾ ਰੱਬ ਹੈ ਹੀ ਨਹੀਂ ਕੋਈ, ਇਹ ਤਾਂ ਐਵੇਂ ਮਨੌਤ ਬਣਾਈ ਹੋਈ ਹੈ। ਸੋ ਭੁੱਲ ਗਿਆ ਬੰਦਾ। ਕਿਉਂ ਭੁੱਲਿਆ ਕਿਉਂਕਿ ਜਿਹੜਾ ਵਾਹਿਗੁਰੂ ਨਾਲ ਰਹਿੰਦਾ ਹੈ, ਅੰਦਰ ਵੀ ਹੈ, ਬਾਹਰ ਵੀ ਹੈ, ਉਹਨੂੰ ਤਾਂ ਭੁੱਲੀਂ ਬੈਠਾ ਹੈ। ਇਹ ਮਾਇਆ ਦਾ ਅਸਰ ਪੈਣਾ ਸ਼ੁਰੂ ਹੋ ਗਿਆ–

*ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ- ੧੩੭*

ਜਦੋਂ ਬਾਹਰ ਆ ਕੇ ਦੇਖਿਆ ਦੁਨੀਆਂ ਦਾ ਹਾਲ–ਚਾਲ ਕਿ ਇਹ ਤਾਂ ਬੜਾ ਖੁੱਲ੍ਹਾ ਮੈਦਾਨ ਹੈ। ਇਥੇ ਤਾਂ ਮੂਰਤਾਂ ਜਿਹੀਆਂ ਘੁੰਮਦੀਆਂ ਫਿਰਦੀਆਂ ਨੇ। ਫੇਰ ਪਤਾ ਲੱਗਿਆ ਕਿ ਆਹ ਹੈ ਜਿਹੜੀ ਇਥੋਂ ਮੈਨੂੰ ਖਾਣ ਨੂੰ ਮਿਲਦੈ। ਪਿਆਰ ਲਗ ਗਿਆ ਪਹਿਲਾ, ਮਾਤਾ ਦੇ ਥਣ ਨਾਲ –

*ਦੂਜੈ ਮਾਇ ਬਾਪ ਕੀ ਸੁਧਿ ॥ ਅੰਗ- ੧੩੭*

ਹੁਣ ਵੱਡਾ ਹੋ ਗਿਆ, ਨਾਮ ਭੁੱਲਣਾ ਸ਼ੁਰੂ ਹੋ ਗਿਆ। ਇਧਰਲੇ ਪਾਸੇ ਸੁੱਧ ਜਾਗਣ ਲਗ ਗਈ। ਓਧਰਲੇ ਪਸੇ ਸੁੱਧ ਗੁਆਚਣ ਲਗ ਗਈ। ਜਿਉਂ–ਜਿਉਂ ਇਧਰ ਨੂੰ ਵਧਦਾ ਜਾਂਦੈ, ਤਿਉਂ–ਤਿਉਂ ਓਧਰੋਂ ਛੁਟਦਾ ਜਾਂਦਾ ਹੈ। ਜੇ ਰੱਸੀ ਪਾਈ ਹੋਵੇ ਕਿਸੇ ਭਾਉਣੀ ਦੇ ਉਤੇ, ਦੋ ਸਿਰੇ ਹੋਣ, ਮਧਾਣੀ ਨਾਲ ਰਿੜਕਦੇ ਨੇ ਦੁੱਧ, ਨੇਤਾ ਹੁੰਦਾ ਹੈ, ਇਧਰ ਨੂੰ ਜਦੋਂ ਖਿਚਦੇ ਹਾਂ, ਦੂਜਾ ਪਾਸਾ ਮਧਾਣੀ ਦੇ ਨਾਲ ਜਾ ਲਗਦੈ। ਜਦੋਂ ਇਧਰ ਨੂੰ ਖਿੱਚਦੇ ਹਾਂ ਤਾਂ ਉਹ ਉਧਰ ਜਾ ਲਗਦੈ। ਹੁਣ ਖਿੱਚ ਪੈਣੀ ਸ਼ੁਰੂ ਹੋ ਗਈ ਦੁਨੀਆਂ ਦੀ। ਰਿੜਕਣਾ ਚੱਲ ਪਿਆ ਵਿਚ, ਹੁਣ ਖਿੱਚ ਪੈਣੀ ਸ਼ੁਰੂ ਹੋ ਗਈ।

*ਤੀਜੈ ਭਯਾ ਭਾਭੀ ਬੇਬ ॥ ਅੰਗ- ੧੩੭*

ਪਰਿਵਾਰ ਦੀ ਸੁਧ ਆ ਗਈ ਕਿ ਮੇਰਾ ਭਰਾ ਹੈ, ਆਹ ਭੈਣ ਹੈ, ਆਹ ਚਾਚੀ ਹੈ, ਮਾਮੀ ਹੈ, ਤਾਈ ਹੈ, ਫੂਫੀ ਹੈ, ਸਾਡੇ ਨਾਉਂ ਲੈਣੇ ਸ਼ੁਰੂ ਕਰ ਦਿਤੇ। ਦੱਸੀ ਜਾਂਦੇ ਨੇ ਉਹਨੂੰ। ਉਹਦੀ ਸੁਰਤ ਹੁਣ ਦੇਖਣਹਾਰ 'ਚ ਆ ਗਈ। ਜਿਹੜੀ ਦਿਸਣਹਾਰ ਚੀਜ਼ ਹੈ, ਉਹਨੂੰ ਮਾਇਆ ਕਹਿੰਦੇ ਨੇ। ਜਿਹੜਾ ਦੇਖਣ ਵਾਲਾ ਹੈ ਉਹ ਪ੍ਰਮੇਸ਼ਰ ਹੁੰਦੈ। ਓਧਰੋਂ ਦੇਖਣ ਵਾਲੇ ਨੂੰ ਤਾਂ ਭੁੱਲ ਗਿਆ, ਦਿਸਣ ਵਾਲੀਆਂ ਚੀਜ਼ਾਂ 'ਚ ਪਿਆਰ ਪੈ ਗਿਆ। ਇਹ ਪਿਆਰ ਵੀ ਐਨਾ ਪਿਆ, ਇਹ ਭਾਵੇਂ ਦੂਰ ਹੋ ਜਾਵੇ, ਮਾਂ ਚਲੀ ਜਾਵੇ, ਫੇਰ ਵੀ ਨਹੀਂ ਭੁਲਦੀ। ਪੁੱਤਰ ਚਲਿਆ ਜਾਵੇ, ਬਾਹਰ ਬਹਿ ਜਾਏ, ਦੇਸਾਂ ਪ੍ਰਦੇਸਾਂ 'ਚ ਨਹੀਂ ਭੁੱਲਦਾ। ਜਿਹੜਾ ਵਾਹਿਗੁਰੂ ਨਾਲ ਰਹਿੰਦੈ, ਸਾਹ ਦੇ ਨਾਲ ਹੀ ਅੰਦਰ ਨੂੰ ਜਾਂਦੈ, ਬਾਹਰ ਆਉਂਦੈ; ਉਹਦੀ ਵੀ ਰਾਖੀ ਕਰਦੈ। ਸਾਰੀਆਂ ਨਾੜੀਆਂ ਵਿਚ ਬਲੱਡ ਘੁੰਮਦਾ ਹੈ ਉਹਦਾ ਵੀ ਇੰਤਜ਼ਾਮ ਕਰਦੈ ਰੱਬ। ਦਿਲ ਨੂੰ ਚਲਾਉਂਦੈ, ਮਿਹਦੇ ਨੂੰ ਵੀ ਚਲਾਉਂਦੈ। ਸਾਰੀ ਖੁਰਾਕ ਪੈਦਾ ਕਰਦਾ ਹੈ, ਦਾਣੇ ਨੂੰ ਪੈਦਾ ਕਰ ਰਿਹਾ ਹੈ ਕਿ ਅੰਨ੍ਹ ਦੇ ਵਿਚ ਪਹੁੰਚ ਜਾਵੇ। ਫੇਰ ਫੁੱਲ ਦੀ ਪੈਦਾਇਸ਼ ਕਰਕੇ ਉਹਨੂੰ ਖੇੜੇ ਵਿਚ ਲੈ ਕੇ ਜਾਂਦੈ। ਉਹਦੇ ਵਿਚ ਸ਼ਹਿਦ ਭਰਦੈ। ਮੱਖੀਆਂ ਬਣਾਈਆਂ ਹੋਈਆਂ ਨੇ, ਜਿਹੜੀਆਂ ਚੁਣ ਕੇ ਸ਼ਹਿਦ ਬਣਾਉਂਦੀਆਂ ਨੇ। ਸਭ ਗੱਲਾਂ ਦੇ ਉਤੇ ਗਾਚਣੀ ਫੇਰ ਦਿਤੀ। ਕਿਸੇ ਵਲ ਧਿਆਨ ਨਹੀਂ ਦਿੰਦਾ ਕਿ ਇਹ ਸਾਰਾ ਇੰਤਜ਼ਾਮ ਵਾਹਿਗੁਰੂ ਨੇ ਕਰਿਆ ਹੋਇਆ ਹੈ। ਉਹਨੂੰ ਤਾਂ ਬੈਠਾ ਹੈ ਭੁੱਲਿਆ। ਕਿਉਂ ਭੁੱਲਿਆ ਹੋਇਐ, ਕਿਉਂਕਿ ਉਹਦਾ ਰੂਪ, ਰੰਗ, ਰੇਖ ਭੇਖ ਨਹੀਂ ਹੈ ਕੋਈ। ਉਹ ਮਨੌਤ ਨਾਲ ਮੰਨਿਆ ਜਾਂਦਾ ਹੈ, ਅਨੁਭਵ ਨਾਲ। ਭੂਤ ਹੈ ਭੂਤ ਦਾ ਕਿਹੜਾ ਰੂਪ, ਰੰਗ, ਰੇਖ, ਭੇਖ ਹੁੰਦਾ ਹੈ। ਕਹਿ ਦਿਓ ਕਿ ਆਹ ਕੋਠੀ 'ਚ ਭੂਤ ਰਹਿੰਦਾ ਹੈ, ਨਾ ਦਿਸੇ ਨਾ ਦਿਸਾਏ, ਉਸ 'ਚ ਡਰਦਾ ਅੰਦਰ ਨਹੀਂ ਵੜਦਾ ਕਿ ਵੜ ਕੇ ਦਿਖਾ। ਕਦੇ ਨਹੀਂ ਵੜਦਾ। ਭੂਤ ਤੈਨੂੰ ਅੱਖਾਂ ਨਾਲ ਦਿਸਦੈ? ਕਹਿੰਦਾ,

ਨਹੀਂ ਮੇਰਾ ਮਨ ਮੰਨ ਗਿਆ ਕਿ ਜਿਹੜੀਆਂ ਮੈਂ ਕਹਾਣੀਆਂ ਸੁਣੀਆਂ ਨੇ। ਫੇਰ ਰੱਬ 'ਤੇ ਹੀ ਨਹੀਂ ਮਨ ਮੰਨਦਾ? ਰੱਬ ਨੂੰ ਨਹੀਂ ਮੰਨਦਾ। ਐਸਾ ਖੁਟਰ ਹੈ ਇਹ ਜੀਵ, ਨਹੀਂ ਮੰਨਦਾ।

*ਚਉਥੈ ਪਿਆਰਿ ਉਪੰਨੀ ਖੇਡ ॥* *ਅੰਗ- ੧੩੭*

ਫੇਰ ਮਾਂ-ਬਾਪ ਤੋਂ ਵੀ ਲਾਂਭੇ ਹੋ ਕੇ ਪਿਆਰ ਖੇਡ 'ਚ ਪੈ ਗਿਆ।

*ਪੰਜਵੈ ਖਾਣ ਪੀਅਣ ਕੀ ਧਾਤੁ ॥* *ਅੰਗ - ੧੩੭*

ਫੇਰ ਖਾਂਦਾ ਹੈ ਜਿਹੜਾ ਕੁਛ ਮੂਹਰੇ ਆ ਗਿਆ। ਭੱਖ-ਅਭੱਖ ਨਹੀਂ ਦੇਖਦਾ। ਕਹਿੰਦਾ, ਬੱਕਰੇ ਦਾ ਮਾਸ ਬੜਾ ਸਵਾਦ ਹੈ, ਮੁਰਗਾ ਬਹੁਤ ਵਧੀਆ ਹੈ, ਇਹ ਬਣਾਉਣਾ ਚਾਹੀਦਾ ਹੈ। ਇਹੋ ਜਿਹੀ ਇਹਦੀ ਆਦਤ ਪੈ ਗਈ ਖਾਣ ਪੀਣ ਦੀ।

*ਛਿਵੈ ਕਾਮੁ ਨ ਪੁਛੈ ਜਾਤਿ ॥* *ਅੰਗ - ੧੩੭*

ਫੇਰ ਕਾਮਨਾਵਾਂ, ਵਿਸ਼ੇ-ਵਿਕਾਰ, ਭੋਗਾਂ 'ਚ ਪੈ ਗਿਆ। ਫੇਰ ਖਪੀ ਜਾਂਦਾ ਹੈ, ਆਪਣੇ ਆਪ ਨੂੰ ਹੀ ਪੀੜਤ ਕਰੀ ਜਾਂਦਾ ਹੈ।

*ਸਤਵੈ ਸੰਜਿ ਕੀਆ ਘਰ ਵਾਸੁ ॥* *ਅੰਗ- ੧੩੭*

ਹੁਣ ਸੁਰਤ ਆਈ ਕਿ ਆਹ ਜੁਆਕ ਤਾਂ ਵੱਡੇ-ਵੱਡੇ ਹੋ ਚੱਲੇ, ਕਿਸੇ ਦਾ ਵਿਆਹ ਕਰਨਾ ਹੈ, ਕਿਸੇ ਨੂੰ ਪੜ੍ਹਾਉਣਾ ਹੈ, ਉਹਦੀ ਫੀਸ ਦੇਣੀ ਹੈ। ਘਰ ਵੀ ਚਾਹੀਦਾ ਹੈ ਸਾਨੂੰ। ਮਕਾਨ ਲੈਣਾ ਹੈ ਜਾਂ ਪਲਾਟ ਲੈਣਾ ਹੈ, ਫੇਰ ਏਸ ਪ੍ਰੋਗਰਾਮ 'ਚ ਪੈ ਗਿਆ। ਬਾਕੀ ਤਾਂ ਛੱਡ ਦਿਤੇ, ਮਾਂ-ਪਿਓ ਤਾਂ ਕਿਧਰੇ ਹੀ ਗਏ। ਨਾ ਦੁੱਧ ਵਗੈਰਾ ਨਾਲ ਪਿਆਰ ਹੈ, ਫੇਰ ਤਾਂ ਪਿਆਰ ਹੀ ਮਾਇਆ ਨਾਲ ਪੈ ਗਿਆ।

*ਅਠਵੈ ਕ੍ਰੋਧੁ ਹੋਆ ਤਨ ਨਾਸੁ ॥* *ਅੰਗ- ੧੩੭*

ਅੱਠਵੇਂ ਫੇਰ ਅਵਸਥਾ ਆ ਗਈ। ਬਾਲ-ਬੱਚੇ ਹੋ ਗਏ, ਪੜ੍ਹ-ਲਿਖ ਗਏ, ਵਿਆਹ ਲਏ। ਹੁਣ ਉਹ ਕਹਿਣਾ ਨਹੀਂ ਮੰਨਦੇ। ਫੇਰ ਕ੍ਰੋਧ ਕਰੀ ਜਾਂਦਾ ਹੈ ਕਰ ਕੁਛ ਸਕਦਾ ਨਹੀਂ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ- ੯੩੨*

ਉਹਦੇ ਨਾਲ ਫੇਰ ਸਰੀਰ ਦਾ ਨਾਸ਼ ਹੋ ਜਾਂਦੈ। ਫੇਰ ਬਲ ਹਾਰ ਜਾਂਦਾ ਹੈ। ਜਿਉਂਦੇ ਤੋਂ ਹੀ ਘਰ ਦੀ ਬਾਦਸ਼ਾਹੀ ਖੋਹ ਲੈਂਦੇ ਨੇ ਬੱਚੇ। ਕਹਿੰਦੇ, ਬਾਪੂ ਤੂੰ ਕੀ ਕਰਨਾ ਹੈ, ਪੈਸਾ ਬੈਂਕ ਵਿਚ ਰੱਖੀਂ ਬੈਠਾ ਹੈਂ, ਦੇਹ ਸਾਨੂੰ ਅਸੀਂ ਫਲਾਣਾ ਕੰਮ ਕਰਨਾ ਹੈ। ਉਹ ਦੇਈਂ ਜਾਂਦੈ, ਸਾਰਾ ਪੈਸਾ ਲੈ ਕੇ ਛੱਡਦੇ ਨੇ। ਮਾਂ-ਬਾਪ ਨੂੰ ਕਈ ਵਾਰ ਘਰ ਛੱਡਣਾ ਪੈਂਦਾ ਹੈ ਜੇ ਨਾ ਪੈਸੇ ਦੇਣ। ਸੋ ਇਹ ਕ੍ਰੋਧ ਕਰਦੈ ਫੇਰ।

*ਨਾਵੈ ਧਉਲੇ ਉਭੇ ਸਾਹ ॥* *ਅੰਗ - ੧੩੭*

ਫੇਰ ਧਉਲੇ ਆ ਗਏ। ਬਲ ਚਲਦਾ ਨਹੀਂ, ਸਰੀਰ ਹਿਲਦਾ ਨਹੀਂ। ਕੋਈ ਉਠਾਵੇ ਤਾਂ ਉਠਦਾ ਹੈ। ਨਾ ਪਾਣੀ ਦੇਣ ਵਾਲਾ ਆਵੇ, ਉਵੇਂ ਜਿਵੇਂ ਪਿਆਸਾ ਪਿਆ ਰਹਿੰਦੈ, ਹਾਕਾਂ ਮਾਰੀ ਜਾਂਦੈ, ਨਿਆਣੇ ਕੋਲ ਖੇਡੀ ਜਾਂਦੇ ਨੇ। ਕਹਿੰਦੈ, ਬਾਰ-ਬਾਰ ਕਿ ਮੈਨੂੰ ਪਾਣੀ ਦਾ ਗਿਲਾਸ ਤਾਂ ਲਿਆ ਦਿਓ। ਲੜਕਾ ਉਹਦਾ ਬੜਾ ਸਿਆਣਾ ਹੋ ਗਿਆ ਕਹਿੰਦਾ ਹੈ ਕਿ ਤੈਨੂੰ ਰੇਸ਼ਾ ਹੋਇਐ, ਤੂੰ ਇਥੇ ਥੁੱਕੇਂਗਾ, ਮੰਜੀ ਤੇਰੀ ਤੂੜੀ ਵਾਲੇ ਕਮਰੇ 'ਚ ਡਾਹ ਦਿੰਦੇ ਹਾਂ। ਤੱਸਲਾ ਦਿੰਦੇ ਹਾਂ ਰੱਖ। ਉਹ ਕਹਿੰਦਾ, ਭਾਈ! ਮੈਨੂੰ ਜਿਉਂਦੇ-ਜਿਉਂਦੇ ਨੂੰ ਲਾਂਭੇ ਕਰੀ ਜਾਂਦੇ ਹੋਂ, ਮੇਰਾ ਬੋਲ ਕੌਣ ਸੁਣੇਗਾ ਉਥੇ, ਮੈਨੂੰ ਪਾਣੀ ਦੀ ਪਿਆਸ ਲੱਗੇਗੀ। ਰੋਟੀ ਦੀ ਭੁੱਖ ਲੱਗੇਗੀ। ਤੁਸੀਂ ਤਾਂ ਮੈਨੂੰ ਕੱਢ ਦਿਤਾ, ਮੈਂ ਕਿਵੇਂ ਹਾਕਾਂ ਮਾਰਾਂਗਾ। ਅਵਾਜ਼ ਮੇਰੀ ਮਾੜੀ ਹੈ। ਉਹ ਕਹਿੰਦੇ, ਤੈਨੂੰ ਇਕ ਢੋਲਕੀ ਲੈ ਦਿੰਦੇ ਹਾਂ, ਉਹ ਮੰਜੇ 'ਤੇ ਰੱਖ ਛੱਡਿਆ ਕਰ, ਖੜਕਾਉਣ ਲਗ ਜਾਇਆ ਕਰ, ਫੇਰ ਅਸੀਂ ਭੇਜ ਦਿਆ ਕਰਾਂਗੇ ਬੰਦਾ ਕਿ ਢੋਲਕੀ ਖੜਕਦੀ ਹੈ। ਕੁਦਰਤੀ ਉਸ ਘਰ ਦਾ ਪੋਤਾ ਬੜਾ ਸਿਆਣਾ ਸੀ, ਉਹ ਕੋਈ ਸਮਝਦਾਰ ਆਈ ਹੋਈ ਰੂਹ ਸੀ। ਉਹਦਾ ਬਾਪੂ ਚੱਲਿਆ ਮੇਲੇ, ਕਹਿੰਦਾ ਬਾਪੂ ਕੋਈ ਚੀਜ਼ ਲਿਆਵੇਂਗਾ? ਕਹਿੰਦਾ, ਦੱਸ ਪੁੱਤ ਕੀ ਚਾਹੀਦੈ, ਤੂੰ ਕਦੇ ਮੰਗਿਆ ਨਹੀਂ ਹੈ। ਕਹਿੰਦਾ, ਇਕ ਵਧੀਆ ਜਿਹੀ ਢੋਲਕੀ ਲਿਆਈਂ। ਕਹਿੰਦਾ, ਤੂੰ ਕੀ ਕਰਨੀ ਨੇ। ਬੱਚੇ ਨੇ ਕਿਹਾ, ਹੁਣ ਤੂੰ ਵੀ ਬੁੱਢਾ ਹੋਣ ਵਾਲਾ ਹੀ ਹੈਂ, ਦੋ ਢੋਲਕੀਆਂ ਵੱਜਣਗੀਆਂ ਘਰ 'ਚ। ਇਕ ਨਹੀਂ ਵੱਜਣੀ। ਆਹ ਹਾਲਤ ਮਨੁੱਖ ਦੀ ਹੋ ਜਾਂਦੀ ਹੈ, ਉਸੇ ਦੀ ਜਿਹਨੇ ਸਭ ਕੁਝ ਬਣਾਇਆ, ਕੋਠੀਆਂ ਬਣਾਈਆਂ, ਪਾਪ ਕਰੇ ਨੇ। ਰਿਸ਼ਵਤਾਂ ਲੈ-ਲੈ ਕੇ ਧਨ ਜੋੜਿਆ ਹੈ। ਲੇਖਾ ਤਾਂ ਤਾਂ ਤੈਨੂੰ ਦੇਣਾ ਪੈਣਾ ਹੈ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*

*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ਅੰਗ- ੬੫੬*

ਐਨਾ ਭੁੱਲ ਗਿਆ ਤੂੰ ਕਿ ਲੇਖੇ ਦੇਣੇ ਵੀ ਆਪਣੇ ਸਿਰ 'ਤੇ ਕਰ ਲਏ। ਕਿਨ੍ਹਾਂ ਵਾਸਤੇ? ਉਹਨਾਂ ਵਾਸਤੇ ਜਿਨ੍ਹਾਂ ਨੇ ਤੈਨੂੰ ਢੋਲਕੀ ਲਿਆ ਕੇ ਦੇ ਦੇਣੀ ਹੈ। ਪੁੱਛਣਾ ਹੀ ਨਹੀਂ ਹੈ, ਲਾਂਭੇ ਬਿਠਾ ਦੇਣਾ ਹੈ। ਜੇ ਆ ਜਾਵੇ ਉਹਦੇ ਬੈਡ-ਰੂਮ 'ਚ, ਤੁਰਦਾ ਫਿਰਦਾ। ਕਹਿੰਦੇ, ਬਾਪੂ ਜੀ! ਇਸ ਤਰ੍ਹਾਂ ਨਾ ਆਇਆ ਕਰੋ। ਕਈ ਵਾਰੀ ਪਤਾ ਨਹੀਂ ਕੀ ਗੱਲ ਕਰਦੇ ਹੁੰਦੇ ਹਾਂ। ਬੱਚੇ ਖੇਲ੍ਹਦੇ ਨੇ, ਬੱਚੇ ਬੁਰਾ ਮੰਨਦੇ ਨੇ। ਤੁਹਾਡੀ ਨੂੰਹ ਬਾਅਦ 'ਚ ਕਜ਼ੀਆ ਕਰਨ ਲਗ ਜਾਂਦੀ ਹੈ ਕਿ ਬਾਪੂ ਨੂੰ ਕਹੋ ਕਿ ਇਸ ਤਰ੍ਹਾਂ ਨਾ ਆਇਆ ਕਰੇ, ਬੈੱਡ-ਰੂਮ 'ਚ। ਦਾਖਲਾ ਬੰਦ ਹੋ ਜਾਂਦਾ ਹੈ। ਸੋ ਆਹ ਹਾਲ ਹੋ ਜਾਂਦਾ ਹੈ, ਜਿਨ੍ਹਾਂ ਦੇ ਵਾਸਤੇ ਜ਼ਿੰਦਗੀ ਖਰਾਬ ਕਰੀ ਹੈ, ਲੁੱਟ-ਲੁੱਟ ਕੇ ਧਨ ਲਿਆਇਆ ਹੈ, ਛਲ ਕਰੇ ਨੇ, ਕਪਟ ਕਰੇ ਨੇ, ਡਰੱਗ ਵੇਚੀ ਹੈ, ਸਮਗਲਿੰਗ ਕਰੀ ਹੈ। ਕਹਿੰਦੇ, ਕ੍ਰੋਧ ਦੇ ਨਾਲ ਫੇਰ ਉਹਦਾ ਤਨ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਫੇਰ ਸਾਹ ਹੀ ਲੈਣ ਜੋਗਾ ਰਹਿੰਦੈ, ਕਿਸੇ ਨੂੰ ਦੱਸਣ ਜੋਗਾ ਨਹੀਂ ਰਹਿੰਦਾ। ਚਾਹੇ ਕਿੱਡਾ ਹੀ ਤਕੜਾ ਬੰਦਾ ਕਿਉਂ ਨਾ ਹੋਵੇ। ਸਭ ਨਾਲ ਹੀ ਇਹ ਕਹਾਣੀ ਬੀਤਣੀ ਹੀ ਬੀਤਣੀ ਹੈ। ਬਾਬਾ ਫਰੀਦ ਜੀ ਨੇ ਇਸ ਨੂੰ ਪ੍ਰਗਟ ਕਰਿਆ ਹੈ।

ਬਾਬਾ ਫਰੀਦ ਜੀ ਕਹਿਣ ਲੱਗੇ, ਜਦੋਂ ਮੈਂ ਜਵਾਨ ਸੀ। ਸਾਰੇ ਭਾਰਤ ਵਰਸ਼ ਵਿਚ, ਮੱਕੇ ਤੱਕ, ਈਰਾਨ ਤੱਕ, ਟਰਕੀ ਤੱਕ, ਏਧਰ ਬਰਮ੍ਹਾ ਤੱਕ, ਲੰਕਾ ਤੱਕ, ਸਾਰੇ ਮੈਂ ਪੈਦਲ ਤੁਰਿਆ ਹਾਂ, ਅੱਜ ਕੀ ਹੋ ਗਿਆ ਮੈਨੂੰ, ਮੰਜੇ 'ਤੇ ਪਿਆ ਹਾਂ। 95 ਸਾਲ ਦੀ ਉਮਰ ਸੀ ਬਾਬੇ ਫਰੀਦ ਦੀ ਉਸ ਸਮੇਂ -

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ਅੰਗ- ੧੩੭੮*

ਗਰਮੀ ਦਾ ਮਹੀਨਾ ਸੀ, ਪਾਣੀ ਕੋਲ ਰੱਖਿਆ ਪਿਆ ਸੀ, ਹਾਲਾਂਕਿ ਕਿ ਕਿੱਡੇ ਵੱਡੇ ਮਹਾਂਪੁਰਸ਼ ਸੀਗੇ। ਬਾਲ-ਬੱਚੇ ਨਹੀਂ ਮਹਾਂਪੁਰਖ ਸਮਝਿਆ ਕਰਦੇ ਕਿਸੇ ਨੂੰ, ਉਹਨਾਂ ਦਾ ਤਾਂ ਬਾਪੂ ਹੀ ਹੁੰਦਾ ਹੈ। ਕਹਿੰਦੇ, ਪਾਣੀ ਦੀ ਮੈਨੂੰ ਪਿਆਸ ਲੱਗੀ ਹੋਈ ਹੈ, ਕਈ ਵਾਰੀ ਮੈਂ ਤਾਂਘਿਆ ਹਾਂ। ਆਹ ਪਾਣੀ ਦਾ ਲੋਟਾ ਮੇਰੇ ਕੋਲ ਪਿਐ, ਗਜ਼ ਭਰ ਸਾਰਾ ਹੀ, ਮੇਰੀ ਬਾਂਹ ਤੋਂ ਥੋੜ੍ਹਾ ਜਿਹਾ ਹੀ ਦੂਰ ਹੈ ਤੇ ਮੈਨੂੰ ਇਸ ਤਰ੍ਹਾਂ ਲਗ ਰਿਹੈ ਜਦੋਂ ਮੈਂ ਜਵਾਨ ਸੀ, ਸੌ ਕੋਹ ਤੋਂ ਮੈਨੂੰ ਚੀਜ਼ ਦੂਰ ਨਹੀਂ ਸੀ ਲਗਦੀ, ਅੱਜ ਆਹ ਪਾਣੀ ਦਾ ਲੋਟਾ ਪਿਆ ਸੌ ਕੋਹ 'ਤੇ ਲਗ ਰਿਹੈ ਮੈਨੂੰ। ਫੇਰ ਆਪਣੇ ਵਲ ਦੇਖਦੇ ਨੇ। ਕਹਿਣ ਲੱਗੇ, ਫਰੀਦਾ! ਲੱਤਾਂ ਦਾ ਬਲ ਕਿੱਥੇ ਚਲਿਆ ਗਿਆ, ਹੁਣ ਤਾਂ ਕੰਬਦੀਆਂ ਨੇ, ਕੋਈ ਫੜ ਕੇ ਖੜ੍ਹਾ ਕਰੇ ਤਾਂ, ਉਹ ਵੀ ਫੜ ਕੇ ਰੱਖੇ ਤਾਂ ਡਿੰਗ ਪੁੱਟੀਏ। ਹੋ ਕੀ ਗਿਆ? ਪਾਣੀ ਵੀ ਦੂਜੇ ਨੂੰ ਕਹਿੰਦੇ ਹਾਂ, ਕਾਕਾ! ਮੇਰੇ ਹੱਥ ਕੰਬਦੇ ਨੇ, ਮੇਰੇ ਉਤੇ ਪਾਣੀ ਡੁੱਲ੍ਹ ਜਾਂਦਾ ਹੈ। ਨਿਗ੍ਹਾ ਪਛਾਣਦੀ ਨਹੀਂ ਹੈ ਕਿ ਕੌਣ ਅੰਦਰ ਆਇਆ ਹੈ। ਉਹ ਹੌਲੀ ਦੇ ਕੇ ਗੱਲ ਕਰਦੇ ਨੇ। ਉਹ ਮੈਨੂੰ ਸਮਝ ਨਹੀਂ ਪੈਂਦੀ, ਮੈਂ ਕਹਿੰਦਾ, ਹੋ ਉੱਚੀ ਬੋਲੋ, ਮੈਂ ਸਮਝਿਆ ਨਹੀਂ। ਫੇਰ ਉਹ ਅੱਕ ਜਾਂਦੇ ਨੇ ਕਿ ਇਹ ਬੋਲੇ ਬੱਦਲ ਨਾਲ ਕਿਹੜਾ ਮੱਥਾ ਮਾਰੇ। ਦੰਦ ਕੁਛ ਖਾ ਨਹੀਂ ਸਕਦੇ। ਮੈਂ ਕਹਿੰਦਾ ਹਾਂ ਕਿ ਕੋਈ lequid (ਤਰੀ ਵਾਲਾ) ਖਾਣਾ ਦੇ ਦਿਓ। ਸਖਤ ਰੋਟੀਆਂ ਲਾਹ ਕੇ ਦੇ ਦਿੰਦੇ ਨੇ। ਹੁਣ ਖਾਵੇ ਕਿਹੜਾ। ਸੋ ਉਸ ਵੇਲੇ ਜੀਵ ਆਤਮਾ ਜਿਹੜਾ ਇਹਦੇ ਵਿਚ ਆਇਆ ਸੀ ਮਾਂ ਦੇ ਪੇਟ ਵਿਚੋਂ, ਜਿਹੜਾ ਉਸ ਵੇਲੇ ਸਭ ਗੱਲਾਂ ਰੱਬ ਨਾਲ ਕਰਦਾ ਸੀ, ਉਹ ਫੇਰ ਧਾਹਾਂ ਮਾਰਦੈ। ਉਦਾਸ ਹੁੰਦੈ ਤੇ ਇਸ ਤਰ੍ਹਾਂ ਕਹਿੰਦੈ -

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*
*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

ਇਹ ਤਾਂ ਮੇਰੇ ਨਾਲ ਹੀ ਆਏ ਸੀ, ਇਹ ਮੈਨੂੰ ਪਹਿਲਾਂ ਹੀ ਛੱਡ ਕੇ ਤੁਰ ਗਏ। ਸੋ ਇਹ ਹਾਲ ਸਾਧਸੰਗਤ ਜੀ ਹੋ ਜਾਂਦਾ ਹੈ। ਪਰ ਵਿਚਕਾਰਲੇ-ਵਿਚਕਾਰਲੇ ਸਫਰ ਵਿਚ ਇਹ ਨਹੀਂ ਸਮਝਦਾ। ਪਹਿਲਾਂ ਵੀ ਮਿੰਨਤਾਂ ਕਰਦਾ ਹੈ ਰੱਬ ਦੀਆਂ। ਪਿੱਛੋਂ ਕਹਿੰਦੈ, ਰੱਬਾ! ਮੇਰੀ ਚਿੱਠੀ ਕਦੋਂ ਕੱਢੇਂਗਾ ਕਿਉਂਕਿ ਇਥੇ ਕੋਈ ਰੁਚੀ ਨਹੀਂ ਰਹੀ। ਜਿਹੜਾ ਕੰਮ ਕਰਨ ਵਾਸਤੇ ਆਇਆ ਸੀ, ਉਹ ਨਹੀਂ ਕੀਤਾ।

*ਦਸਵੈ ਦਧਾ ਹੋਆ ਸੁਆਹ ॥ ਅੰਗ- ੧੩੭*

ਸੁਆਹ ਵੀ ਹਵਾ ਉਡਾ ਕੇ ਲੈ ਜਾਂਦੀ ਹੈ। ਨਾਮ-ਨਿਸ਼ਾਨ ਮਿਟ ਜਾਂਦਾ ਹੈ। ਇਹਦੇ ਵਾਸਤੇ ਹੀ ਐਨੀਆਂ ਗੱਲਾਂ ਕਰਦਾ ਹੈ ਇਹ? ਖਤਮ ਹੋ ਜਾਂਦਾ ਹੈ -

*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥ ਅੰਗ- ੧੩੭*

ਇਹਦੇ ਵਿਚੋਂ ਹੰਸ ਨੇ ਉਡਾਰੀ ਮਾਰ ਦਿਤੀ। ਖਤਮ ਹੋ ਗਈ ਸਾਰੀ ਗੱਲ।

*ਆਇਆ ਗਇਆ ਮੁਇਆ ਨਾਉ ॥ ਅੰਗ - ੧੩੭*

ਆਇਆ ਸੀ ਸੰਸਾਰ ਦੇ ਵਿਚ, ਚਲਿਆ ਗਿਆ, ਪਿੱਛੋਂ ਨਾਮ ਬਥੇਰੇ ਲਿਖ-ਲਿਖ ਕੇ ਲਾਏ। ਸਭ ਖਤਮ ਹੋ ਗਏ। ਕਿਸੇ ਨੂੰ ਨਹੀਂ ਪਤਾ ਇਹ ਕੌਣ ਹੈ। ਕੋਈ ਧਿਆਨ ਨਹੀਂ ਦਿੰਦਾ। ਗੁਰਦੁਆਰੇ ਦੀਆਂ ਪੌੜੀਆਂ ਉਤੇ ਵੀ ਕਿ ਕੀਹਨੇ-ਕੀਹਨੇ ਪੱਥਰ ਲਵਾਏ ਨੇ। ਕਿਸੇ ਨੂੰ ਕੀ ਲੋੜ ਹੈ ਫਾਲਤੂ ਸਮਾਂ ਬਰਬਾਦ ਕਰਨ ਦੀ। ਉਹ ਕਹਿੰਦਾ ਹੈ, ਮੇਰਾ ਨਾਮ ਕਾਇਮ ਰਹਿ ਜਾਏ, ਪੜ੍ਹ ਲਿਆ ਕਰਨ ਲੋਕ। ਐਡਾ ਨਾਮ ਦੇ ਨਾਲ ਚਿੰਬੜਿਆ ਹੋਇਆ ਹੈ ਕਿ ਪਤਾ ਹੀ ਨਹੀਂ ਮੇਰਾ ਤਾਂ ਇਸ ਧਰਤੀ ਨਾਲ ਹੀ ਸਬੰਧ ਨਹੀਂ। ਮੈਂ ਨਾਉਂ ਰੱਖ ਕੇ ਕੀ ਕਰਾਂਗਾ। ਜਿੱਥੇ ਜਾਵਾਂਗਾ ਉਹਦਾ ਨਾਉਂ ਹੋਣਾ ਚਾਹੀਦੈ ਕਿ ਇਥੇ ਹੀ ਨਾਉਂ ਰੱਖਣਾ ਹੈ। ਨਾਮ ਵੀ ਮਿਟ ਜਾਂਦੈ।

*ਪਿਛੈ ਪਤਲਿ ਸਦਿਹੁ ਕਾਵ ॥ ਅੰਗ - ੧੩੭*

ਫੇਰ ਕਹਿੰਦੇ ਨੇ ਪਿੱਛੇ ਵਾਲੇ ਕਿ ਬਾਪੂ ਜੀ ਦਾ ਸਰਾਧ ਮਨਾਉਣਾ ਹੈ, ਅਖੰਡਪਾਠ ਕਰਾਉਣੈ। ਫੇਰ ਕੀ ਕਰਦੇ ਨੇ, ਕਈ ਕੁੱਤਿਆਂ ਨੂੰ ਰੋਟੀਆਂ ਪਾ ਦਿੰਦੇ ਨੇ, ਕੁਝ ਕਾਵਾਂ ਨੂੰ ਪਾ ਦਿੰਦੇ ਨੇ। ਕਾਵਾਂ ਨੂੰ ਪੁੱਛਦੇ ਨੇ ਕਿ ਕਿੱਥੇ ਹੈ ਸਾਡਾ ਬਾਪੂ? ਆਹ ਰੋਟੀ ਪਹੁੰਚਾ ਦਿਓ ਉਹਦੇ ਕੋਲ। ਮਹਾਰਾਜ ਕਹਿੰਦੇ, ਇਹੋ ਜਿਹਾ ਸੰਸਾਰ ਦਾ ਹਾਲ ਹੈ।

*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ- ੧੩੭*

*ਧਾਰਨਾ - ਗੁਰ ਬਿਨ ਡੁੱਬਦੀ ਜਾਵੇ ਦੁਨੀਆਂ,*
*ਗੁਰ ਬਿਨ ਡੁੱਬਦੀ ਜਾਵੇ।*
*ਵਿਚ ਚੌਰਾਸੀ ਖਾਵੇ ਗੋਤੇ-ਵਿਚ ਚੌਰਾਸੀ ਖਾਵੇ।*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੮*

ਸੋ ਮਹਾਰਾਜ ਕਹਿੰਦੇ, ਸ਼ਾਹ ਨਾਲੋਂ ਵਿਛੜ ਗਿਆ ਵਣਜਾਰਾ, ਹੁਣ ਦੁਖੀ ਹੁੰਦਾ ਫਿਰਦੈ। ਗੋਤੇ ਖਾਂਦਾ ਫਿਰਦੈ ਚੌਰਾਸੀ ਦੇ ਵਿਚ ਵਿਛੜਿਆ ਹੋਇਆ। ਯਾਦ ਭੁੱਲ ਗਿਆ, ਦੇਖਣ ਵਾਲੀਆਂ ਚੀਜ਼ਾਂ 'ਚ। ਉਹ ਯਾਦ ਹੀ ਨਹੀਂ ਕਰਦਾ ਕਿ ਮੇਰੇ ਕੋਲ ਮੌਕਾ ਸੀ, ਜਦੋਂ ਮੈਂ ਐਨੀਆਂ ਮਿੰਨਤਾਂ ਕਰਦਾ ਸੀ ਤੇ ਮੇਰੀ ਬਿਰਤੀ ਨਾਮ 'ਚ ਅਰੂੜ੍ਹ ਸੀ। ਇਕ ਚਸਾ ਭਰ ਜੇ ਵਿਛੁੜ ਜਾਂਦਾ ਸੀ ਤਾਂ ਮੇਰੀ ਮੌਤ ਹੋ ਜਾਂਦੀ ਸੀ ਤੇ ਮੈਂ ਭੁਲਦਾ ਨਹੀਂ ਸੀ ਉਸ ਨੂੰ ਪਰ ਸੰਸਾਰ 'ਚ ਆ ਕੇ ਮਹਾਰਾਜ ਕਹਿੰਦੇ, ਬਿਲਕੁਲ ਤੇਰੀ ਯਾਦ ਤੋਂ ਹੀ ਲਹਿ ਗਿਆ ਕਿ ਓਹ ਵੀ ਕੋਈ ਸੀਗਾ। ਯਾਦ ਕਰਾਉਂਦੇ ਨੇ ਤਾਂ ਵੀ ਨਹੀਂ ਯਾਦ ਆਉਂਦਾ। ਕਹਿੰਦੇ, ਜਿਨ੍ਹਾਂ ਚੀਜ਼ਾਂ ਵਿਚ ਤੂੰ ਪਰਚਿਆ ਹੋਇਆ ਹੈਂ, ਉਹਨਾਂ ਦੀ ਸੱਤਤਾ ਨਹੀਂ ਹੈ ਕੁਛ ਵੀ, ਪਰਛਾਵੇਂ ਨਾਲ ਤੂੰ ਪਿਆਰ ਪਾ ਲਿਆ। ਦਰਖ਼ਤ ਦੀ ਛਾਉਂ ਨਾਲ ਪਿਆਰ ਪਾ ਲਿਆ। ਉਥੇ ਮੰਜਾ ਡਾਹ ਲਓ, ਪੱਕਾ ਕਰ ਲਓ ਕਿ ਆਹ ਮੇਰਾ ਥਾਂ ਹੈ। ਸਵੇਰ ਦਾ ਹੋਏ ਮੌਕਾ, ਦੂਰ ਤਕ ਛਾਂ ਜਾਂਦੀ ਹੈ ਉਹਦੀ। ਥੋੜ੍ਹਾ ਜਿਹਾ ਦਿਨ ਚੜ੍ਹਿਆ, ਛਾਂ ਤਾਂ ਪਿੱਛੇ ਨੂੰ ਹਟ ਗਈ। ਮੰਜਾ ਉਥੇ ਹੀ ਰਹਿ ਗਿਆ। ਇਸ ਤਰ੍ਹਾਂ ਪਰਛਾਵੇਂ ਨਾਲ ਪਿਆਰ ਪਾ ਕੇ ਮਾਲਕ ਨੂੰ ਭੁੱਲ ਗਿਆ, ਜਿਹਦੇ ਨਾਮ ਦੇ ਆਸਰੇ 'ਤੇ ਜਿਉਂਦਾ ਸੀ, ਹੁਣ ਵੀ ਨਾਮ ਇਹਦੇ ਅੰਦਰ ਹੈ, ਬਾਹਰ ਨਹੀਂ ਹੈ ਕਿਤੇ ਵੀ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਪਰ ਮਜਾਲ ਲੈ ਰੁਚੀ ਹੋ ਜਾਵੇ। ਉਠ ਖੜ੍ਹੇ। ਉਠਦੀ ਹੀ ਨਹੀਂ ਹੈ, ਸੁਣਦੈ, ਗਾਉਂਦੈ, ਬੋਲਦੈ, ਦਸਦੈ, ਰੁਚੀ ਹੈ ਨਹੀਂ। ਐਵੇਂ ਇਕ ਮਸ਼ੀਨ ਵਾਂਗੂੰ ਕੰਮ ਕਰੀ ਜਾਂਦਾ ਹੈ। ਸਾਡਾ ਸਾਰਾ ਹੀ ਕੰਮ ਬਨਾਉਟੀ ਚਲ ਰਿਹੈ। ਡਰ ਦੇ ਮਾਰੇ ਚਲ ਰਿਹੈ। ਉਹ ਨਹੀਂ ਹੈ ਕਿ ਚਾਉ ਹੈ ਅੰਦਰ। ਚਾਉ ਦੀ ਅਵਸਥਾ ਹੋਰ ਹੁੰਦੀ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਜਿਨ੍ਹਾਂ ਨੇ ਅਨੰਤ ਨੂੰ ਪਹੁੰਚਣਾ ਹੈ, ਉਹਨਾਂ ਦੀ ਤਾਂ ਲਗਨ ਲੱਗੀ ਹੋਈ ਹੈ। ਤੁਰਦੇ ਹੀ ਜਾਂਦੇ ਨੇ। ਉਹ ਦਮ ਵੀ ਨਹੀਂ ਲੈਂਦੇ, ਹਰ ਵਕਤ ਚਲਦੇ ਨੇ।

ਸੋ ਜਿਨ੍ਹਾਂ ਚੀਜ਼ਾਂ ਨੇ ਭੁਲਾ ਦਿਤਾ, ਮਹਾਰਾਜ ਸਾਨੂੰ ਯਾਦ ਕਰਾਉਂਦੇ ਨੇ ਕਿ ਆਹ ਚੀਜ਼ਾਂ ਤੈਨੂੰ ਭੁਲਾਈ ਬੈਠੀਆਂ ਨੇ। ਪਿੱਛੇ ਮੁੜ ਆਪਣੀ ਅਸਲੀ ਅਵਸਥਾ 'ਤੇ ਪਹੁੰਚ। ਉਹਦੇ ਨਾਲ ਪਿਆਰ ਕਰ –

*ਧਾਰਨਾ – ਤੈਨੂੰ ਵਿਸਰਿਆ ਕਰਤਾਰ,*
*ਮੇਰੀ ਜਿੰਦੜੀਏ।*

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥*

*ਅੰਗ– ੪੬੮*

ਜਿੰਨਾ ਦਿਸਦਾ ਹੈ, ਚਾਹੇ ਰਾਜ ਹੈ, ਚਾਹੇ ਕੱਪੜੇ ਨੇ, ਸੋਨਾ ਹੈ ਮਕਾਨ ਨੇ, ਮੀਆਂ-ਬੀਬੀ ਹੈ, ਕਹਿੰਦੇ ਖਪ-ਖਪ ਕੇ ਖੁਆਰ ਹੋ ਗਏ। ਝੂਠੇ ਦਾ ਝੂਠੇ ਨਾਲ ਪਿਆਰ ਲਗ ਗਿਆ ਤੇ ਹੋਇਆ ਕੀ, ਵਿਸਰਿਆ ਕਰਤਾਰ। ਉਹ ਜਿਹੜਾ ਸੱਚਾ ਸੀ ਉਹ ਵਿਸਰ ਗਿਆ। ***'ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥'*** ਇਹ ਤਾਂ ਸਾਰਾ ਸੰਸਾਰ ਚੱਲਣ ਹਾਰ ਹੈ ਕਾਹਨੂੰ ਇਹਦੇ ਵਿਚ ਮਨ ਫਸਾਇਆ ਹੈ, ***ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥'*** ਪੂਰਾਂ ਦੇ ਪੂਰ, ਜਹਾਜ਼ ਭਰੇ ਹੋਏ ਡੁੱਬਦੇ ਜਾਂਦੇ ਨੇ ਸੰਸਾਰ 'ਚੋਂ। ਕੋਈ ਨਹੀਂ ਲੰਘ ਰਿਹਾ, ਝੂਠ ਦੇ ਸੰਸਾਰ 'ਤੇ ਬੈਠ ਕੇ ਡੁੱਬ ਜਾਂਦੇ ਨੇ ਕਿਉਂਕਿ ਝੂਠ ਦਾ ਜਹਾਜ਼ ਜਹਾਜ਼ ਹੀ ਨਹੀਂ ਹੁੰਦਾ। ਭਵਜਲ ਕਿਵੇਂ ਲੰਘ ਜਾਏਗਾ ਜਿਹੜਾ ਜਹਾਜ਼ ਹੈ ਹੀ ਨਹੀਂ। ਪੂਰਾਂ ਦੇ ਪੂਰ ਟੁਰਦੇ ਜਾਂਦੇ ਨੇ – ***'ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ '*** ਜਦੋਂ ਹੈ ਹੀ ਕੂੜ ਫੇਰ ਭਾਈ, ਸਾਚੇ ਨਾਲ ਪਿਆਰ ਪਾ ਲਓ। ਸੱਚੇ ਨਾਲ ਦੋਸਤੀ ਲਾ ਲਓ। ਸੋ ਐਨੀ ਹੀ ਗੱਲ ਹੈ। ਜੇ ਐਨੀਓਂ ਗੱਲ ਸਾਰੀ ਜ਼ਿੰਦਗੀ 'ਚ ਸਮਝ ਜਾਵੇ ਤਾਂ, ਤਾਂ ਉਹ ਜਿੱਤ ਗਿਆ। ਜੇ ਸਮਝ 'ਚ ਨਹੀਂ ਆਇਆ, ਫੇਰ ਉਥੇ ਦਾ ਉਥੇ। ਕੁੱਤੇ ਦੀ ਪੂੰਛ ਨਲਕੀ 'ਚ ਪਾ ਲਓ, ਬਾਰ੍ਹਾਂ ਸਾਲ ਕਹਿੰਦੇ ਰੱਖ ਛੱਡੀ ਕਿਸੇ ਨੇ। ਕਹਿੰਦਾ, ਲੈ ਹੁਣ ਸਿੱਧੀ ਹੋ ਗਈ। ਜਦੋਂ ਖੋਲ੍ਹੀ, ਉਹ ਉਥੇ ਦੀ ਉਥੇ। ਇਕ ਤਾਂ ਆਪਣੇ ਸੁਭਾਅ ਨੂੰ ਚੈੱਕ ਕਰੋ। ਬਦਲਾਓ ਕਰੋ ਸੁਭਾਅ 'ਚ ਕਿਉਂਕਿ ਗੁਰੂ ਦੇ ਸ਼ਬਦ ਦੇ ਅੰਦਰ ਸਿਫਤ ਹੈ, ਗੁਰੂ ਦਾ ਸ਼ਬਦ ਕਾਮ ਨੂੰ ਜਲਾ ਦਿੰਦੈ, ਕ੍ਰੋਧ ਨੂੰ ਵੀ ਜਲਾ ਦਿੰਦੈ, ਹਉਮੈ ਨੂੰ ਵੀ ਖਤਮ ਕਰ ਦਿੰਦੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ– ੫੬੦*

ਸੋ ਪੰਛੀ ਜਿਹੜਾ ਜੀਵ ਸੀ ਇਹਦੀ ਕਹਾਣੀ ਬੜੀ ਦਰਦਨਾਕ ਹੈ ਸਾਧਸੰਗਤ ਜੀ। ਲੇਕਿਨ ਸਾਰਿਆਂ ਨਾਲੋਂ ਦਰਦਨਾਕ ਇਹ ਹੈ ਕਿ ਫਸਿਆ ਹੋਇਆ ਆਪਣੇ ਆਪ ਨੂੰ ਫਸਿਆ ਨਹੀਂ ਕਹਿੰਦਾ, ਨਾਲੇ ਚੀਕਾਂ ਮਾਰੀ ਜਾਂਦੈ, ਰੋਈ ਜਾਂਦੈ, ਫੇਰ ਕਹਿੰਦੈ ਹੈ ਕਿ ਮੈਂ ਫਸਿਆ ਹੋਇਆ ਨਹੀਂ। ਆਹੀ ਸਮੱਸਿਆ ਹੈ, ਜੇ ਕਿਤੇ ਮਨ ਜਾਵੇ ਕਿ ਮੈਂ ਫਸਿਆ ਹੋਇਆ ਹਾਂ, ਨਿਕਲਣ ਦਾ ਰਾਹ ਮੈਨੂੰ ਗੁਰੂ ਦਸ ਰਹੇ ਨੇ ਤੇ ਮੈਂ ਇਹ ਦੱਸੇ ਹੋਏ ਰਸਤੇ 'ਤ ਚੱਲ ਕੇ ਨਿਕਲ ਜਾਵਾਂ। ਗੁਰੂ ਕਹਿੰਦੇ ਕਿ ਤੇਰਾ ਦਰਵਾਜ਼ਾ ਖੁਲ੍ਹਾ ਆ ਗਿਆ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ– ੧੨*

ਹੁਣ ਤੇਰੀ ਵਾਰੀ ਆ ਗਈ। ਹੁਣ ਨਾ ਤੂੰ ਭਾਉ ਕਰ, ਜੇ ਵਿਚ ਵਿਚਾਲੇ ਰਹਿ ਗਿਆ, ਪਤਾ ਨਹੀਂ ਅਗਲਾ ਜਨਮ ਕਿਹੋ ਜਿਹੇ ਘਰ ਵਿਚ ਹੋ ਜਾਵੇ। ਸਾਰੀ ਜ਼ਿੰਦਗੀ ਮਿਹਨਤ ਦੀਆਂ ਪੰਡਾਂ ਢੋਂਦਾ ਹੀ ਥੱਕ ਜਾਵੇਂ। ਮਜ਼ੂਰੀ ਕਰਦਾ ਹੀ ਥੱਕ ਜਾਵੇ। ਹੁਣ ਤੂੰ ਵਧੀਆ ਅਮੀਰ ਆਦਮੀਆਂ ਦੇ ਘਰ ਹੈਂ।

ਇਕ ਮੁਰਾਦਾਬਾਦ ਦਾ ਸੇਠ ਸੀ। ਉਹ ਚੜ੍ਹਾਈ ਕਰ ਗਿਆ। ਉਹਨੇ ਬਦਾਈਓਂ ਛੱਪਰੀ 'ਚ ਜਾ ਕੇ ਜਨਮ ਲੈ ਲਿਆ, ਇਕ ਮਾਸਟਰ। ਗਰੀਬ ਜਿਹਾ ਮਾਸਟਰ ਸੀਗਾ। ਯੂ.ਪੀ 'ਚ ਬਹੁਤ ਗਰੀਬ ਹੁੰਦੇ ਮਾਸਟਰ। ਹੁਣ ਤਾਂ ਉਹਨਾਂ ਦੀ ਹਾਲਤ ਕੁਛ ਅੱਛੀ ਹੈ। ਜਦੋਂ ਅਸੀਂ ਗਏ ਸੀ, ਛੱਪਰੀਆਂ ਵਗੈਰਾ 'ਚ ਹੀ ਰਹਿੰਦੇ ਸੀ, ਪੰਜ ਕੁ ਜਮਾਤਾਂ ਤਕ ਪੜ੍ਹੇ ਹੁੰਦੇ। ਓਨੀਂ ਕੁ ਵਿਚਾਰਿਆਂ ਨੂੰ ਤਨਖਾਹ ਮਿਲਦੀ ਸੀ। ਉਹਦੇ ਯਾਦ ਆਈ ਜਾਇਆ ਕਰੇ ਕਿ ਮੇਰਾ ਨਾਂ ਮੋਹਨ ਲਾਲ ਸੀ। ਮੇਰਾ ਕੋਲਡ ਡਰਿੰਕਸ ਦਾ ਬੜਾ ਭਾਰਾ ਕਾਰਖਾਨਾ ਸੀ, ਕੋਠੀਆਂ ਮੇਰੀਆਂ ਬਣਾਈਆਂ

ਹੋਈਆਂ ਸੀ। ਵੱਡੇ ਬਜ਼ਾਰ ਦੇ ਵਿਚ ਮੇਰੀ ਦੁਕਾਨ ਸੀ। ਆਹ ਕੀ ਹੋ ਗਿਆ? ਉਹਨੂੰ ਪੁਰਾਣੀ ਸਿਮ੍ਰਤੀ ਆਉਂਦੀ ਹੈ, ਹੁਣ ਕੀ ਕਰ ਲਵੇ। ਕੋਈ ਹੈ ਬਲ ਇਸ 'ਚ ਚਲਦਾ? ਲੈ ਕੇ ਵੀ ਆਇਆ ਸਾਰਿਆਂ ਨੂੰ, ਦੱਸਿਆ ਵੀ ਕਿ ਮੇਰਾ ਘਰ ਹੈ। ਨਾ ਬੱਚੇ ਮੰਨਣ, ਨਾ ਕੋਈ ਹੋਰ। ਘਰਵਾਲੀ ਨੂੰ ਵੀ ਡਾਂਟਿਆ ਕਿ ਜਿਥੇ ਮੈਂ ਪੂਜਾ ਕਰਦਾ ਸੀ, ਉਹਨੂੰ ਤੂੰ ਸਾਫ ਕਿਉਂ ਨਹੀਂ ਕਰਿਆ? ਸਭ ਨੂੰ ਵਿਸ਼ਵਾਸ਼ ਵੀ ਆ ਗਿਆ ਕਿ ਓਹੀ ਹੈ। ਪਰ ਕੋਈ ਜਾਇਦਾਦ ਦੇਣ ਨੂੰ ਤਿਆਰ ਨਹੀਂ? ਹੁਣ ਗਰੀਬ ਦੇ ਘਰ ਪੈਦਾ ਹੋ ਕੇ ਬੀਜਿਆ ਹੈ ਨਹੀਂ ਕੁਛ। ਜੇ ਬੀਜਦਾ ਤਾਂ ਚੰਗੇ ਥਾਂ ਆ ਜਾਂਦਾ। ਹੁਣ ਮੁੜ ਕੇ ਮਿਹਨਤ ਕਰਨੀ ਪੈ ਗਈ। ਪਤਾ ਨਹੀਂ ਕਿੰਨੀ ਦੇਰ ਰੋਟੀ ਕਮਾਉਣ ਨੂੰ ਲਗ ਜਾਏ। ਅੱਧੀ ਉਮਰ ਤਾਂ ਰੋਟੀ ਕਮਾਉਣ ਨੂੰ ਲਗ ਜਾਂਦੀ ਹੈ, ਈਮਾਨਦਾਰੀ ਨਾਲ। ਫੇਰ ਰਹਿ ਗਿਆ, ਫੇਰ ਹਾਰ ਗਿਆ ਬਾਜ਼ੀ। ਬਾਜ਼ੀ ਹਾਰ ਕੇ ਫੇਰ ਸੰਸਾਰ ਤੋਂ ਚਲਿਆ ਜਾਂਦਾ ਹੈ। ਸੋ ਮਹਾਰਾਜ ਕਹਿੰਦੇ, ਤੂੰ ਹੁਣੇ ਹੀ -

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥* *ਅੰਗ- ੧੧੫੯*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ - ੧੪੨੮*

ਬੇਅੰਤ ਤਰੀਕਿਆਂ ਦੇ ਨਾਲ, ਜੁਗਤੀਆਂ ਦੇ ਨਾਲ ਗੁਰੂ ਸਮਝਾਉਂਦੇ ਨੇ। ਮਜਾਲ ਹੈ ਆਦਮੀ ਮੰਨ ਜਾਵੇ। ਉਥੇ ਦੀ ਉਥੇ। ਸਭ ਕੁਛ ਜਾਣ ਜਾਏਗਾ, ਯਾਦ ਕਰ ਲਏਗਾ, ਕੰਠ ਹੋ ਜਾਣਗੀਆਂ ਗੱਲਾਂ, ਪਰ ਸੁਭਾਅ ਨਹੀਂ ਬਦਲਦਾ। ਸੇਵਾ ਕਰਦਾ, ਸੇਵਾ ਦਾ ਹੀ ਮਾਣ ਕਰਕੇ ਲੜਨ ਲਗ ਜਾਂਦੈ। ਸੋ ਜਦੋਂ ਤਕ ਮੂਲ ਰੂਪ ਵਿਚ ਗੱਲ ਸਮਝ ਨਹੀਂ ਆਉਂਦੀ, ਓਨਾਂ ਚਿਰ ਨਹੀਂ ਬਦਲਿਆ ਕਰਦਾ। ਸਿਰਫ ਗਿਆਨ ਹੋਏ 'ਤੇ ਆਦਮੀ ਦਾ ਸੁਭਾਅ ਬਦਲਦਾ ਹੈ, ਕਿਉਂਕਿ ਉਹਨੂੰ ਸਾਰਿਆਂ ਦੇ ਅੰਦਰ ਆਪਣਾ ਆਪਾ ਲਿਸ਼ਕਾਰੇ ਮਾਰਨ ਲਗ ਜਾਂਦੈ। ਫੇਰ ਕੀਹਦੇ ਨਾਲ ਜ਼ਿਆਦਤੀ ਕਰੇ, ਕੀਹਦੇ ਨਾਲ ਹਮਦਰਦੀ ਕਰੇ, ਕਿਉਂਕਿ ਆਪਣਾ ਆਪਾ ਹੀ ਹੈ ਸਾਰੇ ਪਾਸੇ ਪਸਰਿਆ ਹੋਇਆ। ਸੋ ਇਹ ਜੀਵ ਹੌਲੀ-ਹੌਲੀ ਫਸਦਾ ਹੈ, ਮਹਾਰਾਜ ਕਹਿੰਦੇ -

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*
*ਅੰਗ- ੫੦*

ਚੋਗ ਬਣਾ ਦਿਤਾ ਮਾਇਆ ਨੇ ਜਾਲ ਪਾ ਕੇ। ਕਿਤੇ ਪੁੱਤਰਾਂ ਦਾ ਚੋਗ, ਕਿਤੇ ਇਸਤਰੀਆਂ ਦਾ ਚੋਗ, ਕਿਤੇ ਕੋਠੀਆਂ ਦਾ, ਕਿਤੇ ਧਨ ਦਾ, ਕਿਤੇ ਰਿਸ਼ਤੇਦਾਰਾਂ ਦਾ, ਕਿਤੇ ਲੋਕ-ਲਾਜ ਦਾ, ਕਿਤੇ ਵਾਸ਼ਨਾ ਦਾ, ਕਿਤੇ ਦੇਹ ਅਧਿਆਸ ਦਾ। ਚੋਗੇ ਪਾਏ ਪਏ ਨੇ। 'ਤ੍ਰਿਸਨਾ ਪੰਖੀ ਫਾਸਿਆ' ਤ੍ਰਿਸ਼ਨਾ ਦੇ ਲੋਭ ਵਿਚ ਆ ਕੇ, ਚੋਗ ਦੇ ਲੋਭ 'ਚ ਆ ਕੇ, ਤ੍ਰਿਸ਼ਨਾ ਦਾ ਬੰਨ੍ਹਿਆ ਹੋਇਆ ਪੰਛੀ ਇਹਦੇ ਵਿਚ ਫਸ ਗਿਆ। ਹੁਣ ਨਿਕਲ ਨਹੀਂ ਸਕਦਾ। ਬਹੁਤ ਔਖਾ ਹੋ ਗਿਆ। ਇਹ ਵਾਸ਼ਨਾਵਾਂ ਐਨੀਆਂ ਡੂੰਘੀਆਂ ਘਰ ਕਰ ਜਾਂਦੀਆਂ ਨੇ ਆਦਮੀ ਦੇ ਹਿਰਦੇ ਦੇ ਅੰਦਰ ਕਿ ਮਰਨ ਤੋਂ ਬਾਅਦ ਵੀ ਨਹੀਂ ਹਟਦੀਆਂ। ਤਾਂ ਹੀ ਇਹ ਪ੍ਰੇਤ ਆਤਮਾ ਦੁਖੀ ਹੁੰਦੀ ਹੈ। ਪ੍ਰੇਤਾਂ ਨੂੰ ਹੋਰ ਤਾਂ ਦੁਖ ਕੋਈ ਨਹੀਂ ਹੈ, ਵਾਸ਼ਨਾ ਨਹੀਂ ਪੂਰੀ ਹੁੰਦੀ, ਦੁਖੀ ਹੋਈ ਜਾਂਦੇ ਨੇ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਬੈਠੇ ਨੇ। ਵਸ਼ਿਸ਼ਟ ਜੀ ਵੀ ਬੈਠੇ ਨੇ, ਹੋਰ ਵੀ ਬਹੁਤ ਰਿਸ਼ੀ-ਮੁਨੀ ਬੈਠੇ ਨੇ। ਉਥੇ ਅਧਿਆਤਮਕ ਕਥਾ ਹੋ ਰਹੀ ਹੈ, ਰੂਹਾਨੀਅਤ ਦੀ, ਆਤਮਾ ਦੀ ਕਥਾ ਚਲ ਰਹੀ ਹੈ ਤੇ ਅਚਾਨਕ ਹੀ ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉੱਚੀ-ਉੱਚੀ ਹੱਸਣ ਲਗ ਗਏ। ਵਸ਼ਿਸ਼ਟ ਜੀ ਨੇ ਦੇਖਿਆ ਕਿ ਹਸਦੇ ਕਿਉਂ ਨੇ? ਆਲੇ-ਦੁਆਲੇ ਦੇਖਿਆ ਕੁਛ ਨਹੀਂ ਨਜ਼ਰ ਆਉਂਦਾ। ਅਖੀਰ ਕਿਹਾ ਕਿ ਮਹਾਂਪੁਰਖਾਂ ਦਾ ਬੋਲਣਾ ਤੇ ਮਹਾਂਪੁਰਖਾਂ ਦਾ ਹਸਣਾ ਕਿਸੇ ਪ੍ਰਥਾਇ ਤੋਂ ਬਿਨਾਂ ਨਹੀਂ ਹੁੰਦਾ। ਕੋਈ ਨਾ ਕੋਈ ਵਿਚ ਸਿੱਖਿਆ ਦੇਣ ਵਾਲੀ ਗੱਲ ਹੁੰਦੀ ਹੈ, ਤਾਂ ਹਸਦੇ ਨੇ। ਪੁੱਛ ਲੈਣਾ ਚਾਹੀਦਾ ਹੈ। ਕਹਿਣ ਲੱਗੇ, ਹੇ ਰਾਮ ਜੀ! ਕ੍ਰਿਪਾ ਕਰਕੇ ਇਹ ਤਾਂ ਦੱਸੋ ਆਪ ਦਾ ਐਡੀ ਜ਼ੋਰ ਨਾਲ ਹੱਸਣ ਦਾ ਕਾਰਨ ਕੀ ਹੈ? ਕਹਿੰਦੇ, ਵਸ਼ਿਸ਼ਟ ਜੀ ਤੁਸੀਂ ਤ੍ਰਿਕਾਲਦਰਸ਼ੀ ਮਹਾਤਮਾ ਹੋ। ਜਾਣਦੇ ਹੋਂ ਤੁਸੀਂ? ਕੀ ਪੁੱਛਣਾ ਹੈ ਤੁਸੀਂ। ਕਹਿੰਦੇ, ਨਹੀਂ ਮਹਾਰਾਜ। ਸਾਰੀ ਸਭ 'ਤੇ ਗੱਲ ਪ੍ਰਗਟ ਕਰੋ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਮਹਾਰਾਜ ਕਹਿਣ ਲੱਗੇ ਕਿ ਆਹ ਕੀੜੇ ਨੂੰ ਦੇਖ ਕੇ ਅਸੀਂ ਹਸਦੇ ਹਾਂ। ਗੌਰ ਨਾਲ ਦੇਖਿਆ

ਉਸ ਨੇ। ਕਹਿੰਦੇ, ਮਹਾਰਾਜ! ਇਸ ਕੀੜੇ ਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਨੇ। ਇਹ ਕੰਧ 'ਤੇ ਚੜ੍ਹਨਾ ਚਾਹੁੰਦਾ ਹੈ। ਜਦੋਂ ਉਤੇ ਜਾਂਦਾ ਹੈ ਉਹ ਪਕੜ ਰਹਿੰਦੀ ਨਹੀਂ ਹੈ, ਪਕੜ ਨਾ ਰਹਿਣ ਦੇ ਨਾਲ ਥੱਲੇ ਗਿਰ ਜਾਂਦਾ ਹੈ। ਮੂਹਰੇ ਤੋਂ ਫੇਰ ਗਿਰ ਜਾਂਦੈ, ਫੇਰ ਚੜ੍ਹਨ ਲਗ ਜਾਂਦੈ। ਫੇਰ ਗਿਰ ਜਾਂਦੈ। ਇਹਦੇ ਵਿਚ ਤਾਂ ਹਸਣ ਦਾ ਕਾਰਨ ਕੋਈ ਨਹੀਂ ਹੈ। ਮਹਾਰਾਜ! ਗੱਲ ਖੋਲ੍ਹ ਕੇ ਦੱਸੋ। ਕਹਿੰਦੇ, ਵਸ਼ਿਸ਼ਟ ਜੀ! ਅਸੀਂ ਆਦਮੀ ਦੇ ਮਨ ਦੀਆਂ ਵਾਸ਼ਨਾ ਦੇਖ ਕੇ ਹੱਸੇ ਹਾਂ ਕਿ ਡੂੰਘੀਆਂ ਚਲੀਆਂ ਜਾਂਦੀਆਂ ਨੇ। ਕਹਿੰਦੇ, ਆਹ ਜਿਹੜਾ ਕੀੜਾ ਇਹ ਵੀ ਤੁਹਾਡੇ, ਸਾਡੇ ਵਾਂਗਣ ਮਨੁੱਖ ਸੀ। ਇਸ ਨੇ ਸੌ ਯੱਗ ਵਿਧੀਪੂਰਵਕ ਕੀਤਾ ਤੇ ਉਹਦਾ ਫਲ ਹੋਇਆ ਕਿ ਇਹਨੂੰ ਇੰਦਰ ਪਦਵੀ ਪ੍ਰਾਪਤ ਹੋਈ। ਇੰਦਰ ਪਦਵੀ ਦੇ ਵਿਚ ਆਹ ਸੰਸਾਰ ਨਾਲੋਂ 10 ਖਰਬ ਗੁਣਾਂ ਜ਼ਿਆਦਾ ਸੁਖ ਹੈ ਤੇ ਉਹ ਅਪੱਛਰਾਵਾਂ ਦੇ ਭੋਗ ਵਿਚ ਐਨਾ ਮਸਤ ਹੋਇਆ-ਹੋਇਆ ਹੈ। ਪਾਰਜਾਤ ਬ੍ਰਿਛ ਦੇ, ਕਾਮਧੇਨ ਗਊ ਦੇ ਕਿ ਇਹਦੀ ਯਾਦਦਾਸ਼ਤ ਤੋਂ ਅਜੇ ਤਕ ਨਹੀਂ ਭੁੱਲਿਆ। 84 'ਚ ਗਿਰ ਗਿਆ, ਕੀੜਾ ਬਣਿਆ ਫਿਰਦਾ ਹੈ, ਦੋ ਲੱਤਾਂ ਟੁੱਟੀਆਂ ਹੋਈਆਂ ਨੇ ਤੇ ਮਨ ਵਿਚ ਇਹਦੇ ਫੁਰਨਾ ਚਲ ਰਿਹਾ ਸੀ ਕਿ ਮੈਂ ਛੇਤੀ-ਛੇਤੀ ਚੌਰਾਸੀ ਦਾ ਗੇੜਾ ਮੁਕਾਵਾਂ। ਫੇਰ ਮੈਂ ਬਣਾਂ ਮਨੁੱਖ, ਫੇਰ ਮੈਂ ਯੱਗ ਕਰਾਂ ਤੇ ਸਵਰਗ ਵਿਚ ਫੇਰ ਪਹੁੰਚਾਂ। ਕਹਿੰਦੇ, ਇਹਦੀ ਮੂਰਖਤਾਈ 'ਤੇ ਹਸਦੇ ਹਾਂ। ਕਹਿੰਦੇ, ਅੱਜ ਤੋਂ ਪਹਿਲਾਂ ਵੀ ਇਹ 14 ਵਾਰੀ ਇੰਦਰ ਬਣ ਚੁਕਿਐ। ਪੰਦਰਵੀਂ ਵਾਰੀ ਇਹ ਕੋਸ਼ਿਸ਼ ਕਰ ਰਿਹੈ। ਐਡੀ ਪ੍ਰਬਲ ਵਾਸ਼ਨਾ ਇਹਦੇ ਹਿਰਦੇ ਵਿਚ ਆ ਗਈ ਹੈ। ਸੋ ਮਾਇਆ ਦਾ ਜਾਲ ਐਨਾ ਡੂੰਘਾ ਚਲਿਆ ਜਾਂਦਾ ਹੈ, ਐਨੇ ਡੂੰਘੇ ਤੰਦ ਨੇ ਕਿ ਮਜਾਲ ਲੈ ਬੰਦਾ ਛੁਟ ਜਾਵੇ, ਉਥੇ ਦਾ ਉਥੇ ਹੀ ਰਹਿੰਦਾ ਹੈ। ਸਾਰਿਆਂ ਨਾਲੋਂ ਵੱਡਾ ਕਾਰਨ ਕੀ ਹੈ? ਕਾਰਨ ਇਹ ਹੈ ਕਿ ਇਹਨੂੰ ਮੌਤ ਭੁੱਲਦੀ ਹੈ। ਜੇ ਮੌਤ ਯਾਦ ਰਹੇ, ਜੇ ਪਤਾ ਹੋਵੇ ਕਿ ਮੇਰੇ ਤਾਂ ਗੋਲੀ ਲੱਗਣ ਵਾਲੀ ਹੈ। ਕੁਝ ਵੀ ਨਹੀਂ ਕਰਦਾ, ਰੋਟੀ ਵੀ ਨਹੀਂ ਖਾਂਦਾ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਪਾਸ, ਮਲਿਕਾ ਜੋ ਸੀ ਜਹਾਂਗੀਰ ਦੀ, ਨਾਂ ਵੀ ਨੂਰ-ਏ-ਜਹਾਨ। ਸੀ ਵੀ ਨੂਰ-ਏ-ਜਹਾਨ, ਸੰਸਾਰ ਦਾ ਨੂਰ, ਸੋਹਣੀ-ਸੁਨੱਖੀ। ਉਹਨੇ ਬੇਨਤੀ ਕਰੀ ਕਿ ਬਾਦਸ਼ਾਹ ਸਲਾਮਤ ਜੇ ਆਪ ਦੀ ਆਗਿਆ ਹੋਵੇ ਤਾਂ ਅਸੀਂ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਦਰਸ਼ਨ ਕਰ ਲਈਏ ਤੇ ਮੈਂ ਉਹਨਾਂ ਨੂੰ ਇਕਾਂਤ ਵਿਚ ਮਿਲਣਾ ਚਾਹੁੰਦੀ ਹਾਂ। ਤੁਹਾਨੂੰ ਤਾਂ ਪਤਾ ਹੈ ਕਿ ਉਹ ਗੁਰੂ ਨੇ। ਬਹੁਤ ਉੱਚੀ ਹਸਤੀ ਨੇ ਉਹ। ਜੇ ਆਪ ਆਗਿਆ ਦੇ ਦਿਓ ਤਾਂ ਮੈਂ ਆਪ ਦੀ ਆਗਿਆ ਨਾਲ ਮਿਲ ਆਵਾਂ?

ਕਹਿੰਦਾ, ਜਾਓ ਮਿਲ ਲਓ। ਜਹਾਂਗੀਰ ਦੀ ਬੇਗਮ ਨੇ ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰੇ ਚੜ੍ਹਦੀ ਜਵਾਨੀ 'ਚ। ਬਹੁਤ ਸੁੰਦਰ ਸਰੀਰ, ਰੂਪ ਦੀ ਤਾਬ ਨਾ ਲਿਆ ਸਕੀ, ਮਨ ਡੋਲਣ ਲਗ ਗਿਆ, ਹਾਵ ਭਾਵ ਕਰਨ ਲਗ ਗਈ ਤੇ ਮਹਾਰਾਜ ਕਹਿਣ ਲੱਗੇ, ਬੇਟੀ! ਬਚਨ ਕਰੋ ਬੇਟਾ ਤੁਸੀਂ? ਇਹ ਹੋਰ ਤਰ੍ਹਾਂ ਦੀਆਂ ਬਾਤਾਂ ਕਰਦੀ ਹੈ, ਉਹ ਬੇਟਾ-ਬੇਟਾ ਕਰਦੇ ਨੇ। ਅਖੀਰ ਮਹਾਰਾਜ ਦੀ ਦ੍ਰਿਸ਼ਟੀ ਦੇ ਨਾਲ ਇਹਦਾ ਹਿਰਦਾ ਸ਼ਾਂਤ ਹੋ ਗਿਆ। ਇਹ ਬਿਲਕੁਲ ਰਸ ਦੇ ਨਾਲ ਭਰ ਕੇ ਬਾਹਰ ਆ ਗਈ। ਚਿੱਤ ਸ਼ਾਂਤ ਹੈ, ਕੋਈ ਫੁਰਨਾ ਨਹੀਂ ਹੈ, ਕੋਈ ਚੰਚਲਤਾਈ ਨਹੀਂ, ਸਭ ਖਤਮ ਕਰ ਦਿਤੀਆਂ ਗੁਰੂ ਦੀ ਦ੍ਰਿਸ਼ਟੀ ਨੇ। ਜਹਾਂਗੀਰ ਨੇ ਵੀ ਦੇਖਿਆ ਤੇ ਪੁਛਿਆ ਕਿ ਪੀਰ ਜੀ ਦੇ ਦਰਸ਼ਨ ਕਰਕੇ ਤੈਨੂੰ ਕੀ ਹੋ ਗਿਆ? ਤੂੰ ਤਾਂ ਇਕ ਦਮ ਸਾਧ ਹੀ ਬਣ ਗਈ। ਉਹ ਕਹਿੰਦੀ, ਹਾਂ ਉਹਨਾਂ ਦੀ ਨਿਗ੍ਹਾਂ ਵਿਚ ਕੋਈ ਤਾਸੀਰ ਸੀ, ਮੈਂ ਉਹਦੀ ਤਾਬ ਨਹੀਂ ਲਿਆ ਸਕੀ। ਮੈਂ ਸੱਚ ਬੋਲਦੀ ਹਾਂ ਔਰਤਾਂ ਦਾ ਸੁਭਾਅ ਲੈ ਕੇ ਗਈ ਸੀ ਇਹ ਪਰਖਣ ਵਾਸਤੇ ਕਿ ਇਹ ਜਵਾਨ ਕਿਵੇਂ ਰਹਿ ਸਕਦੇ ਨੇ। ਲੇਕਿਨ ਮੈਂ ਦੇਖਿਆ ਕਿ ਉਹਨਾਂ ਅੰਦਰ ਤਾਂ ਕੋਈ ਐਸੀ ਸ਼ਕਤੀ ਹੈ ਕਿ ਮੇਰੀਆਂ ਸਾਰੀਆਂ ਵਾਸ਼ਨਾਵਾਂ ਦਗਧ ਕਰ ਦਿਤੀਆਂ ਉਹਨਾਂ ਨੇ, ਜਾਲ ਕੇ ਰਖ ਦਿਤੀਆਂ ਤੇ ਸ਼ੁੱਧ ਕਰਕੇ ਮੈਨੂੰ ਤੋਰ ਦਿਤਾ। ਹੁਣ ਮੈਂ ਪੂਰਨ ਸ਼ਾਂਤ ਹਾਂ। ਪਰ ਇਕ ਗੱਲ ਮੈਨੂੰ ਸਮਝ 'ਚ ਨਹੀਂ ਆਉਂਦੀ ਕਿ ਜਵਾਨ ਹੋਵੇ, ਇਕਾਂਤ ਹੋਵੇ, ਫੇਰ ਸ਼ਾਹੀ ਮਦ ਹੋਵੇ, ਡਰ ਕੋਈ ਨਾ ਹੋਵੇ, ਫੇਰ ਗੁਰੂ ਸਾਹਿਬ ਦਾ ਮਨ ਕਿਉਂ ਨਹੀਂ ਵਿਚਲਿਆ? ਇਹ ਸਵਾਲ ਮੈਂ ਪੁਛਣਾ ਚਾਹੁੰਦੀ ਹਾਂ। ਕ੍ਰਿਪਾ ਕਰੋ ਜੇ ਤੁਸੀਂ ਮੈਨੂੰ ਪੁੱਛ ਕੇ ਦਸ ਦਿਓ? ਤਾਂ ਫੇਰ ਮੈਨੂੰ ਇਸ ਗੱਲ ਦਾ ਨਿਰਣਾ ਹੋ ਸਕੇ।

ਜਹਾਂਗੀਰ ਨੇ ਗੁਰੂ ਮਹਾਰਾਜ 'ਤੇ ਸਵਾਲ ਕਰ ਦਿਤਾ, ਕਹਿਣ ਲੱਗਿਆ, ਪਾਤਸ਼ਾਹ! ਤੁਹਾਡੇ ਕੋਲ ਹਜ਼ਾਰਾਂ ਦੀ ਤਾਦਾਦ ਵਿਚ ਸੁੰਦਰਤਾ ਆਉਂਦੀ ਹੈ, ਜਵਾਨੀ ਆਉਂਦੀ ਹੈ ਤੇ ਜੇ ਸਾਡੇ ਕੋਲ ਆਉਂਦੀ ਹੈ ਸਾਡੇ ਮਨ ਵਿਚ ਉਸੇ ਵੇਲੇ ਭਾਵਨਾਵਾਂ ਜਾਗ ਪੈਂਦੀਆਂ ਨੇ ਬੁਰੀਆਂ ਤੇ ਮੈਨੂੰ ਦੱਸਿਆ ਹੈ ਨੂਰ-ਏ-ਜਹਾਨ ਨੇ ਕਿ ਗੁਰੂ ਸਾਹਿਬ ਸ਼ਾਂਤ ਚਿੱਤ ਸੀ, ਉਹਨਾਂ ਨੂੰ ਕੋਈ ਪਤਾ ਨਹੀਂ ਸੀ ਕੌਣ ਆਇਐ। ਵਜ੍ਹਾ ਕੀ ਹੈ ਤੁਹਾਡੇ ਮਨ ਵਿਚ ਭਾਵਨਾ, ਵਾਸ਼ਨਾ ਕਿਉਂ ਨਹੀਂ ਜਾਗਦੀ, ਸਾਡੇ ਮਨ ਵਿਚ ਕਿਉਂ ਜਾਗਦੀ ਹੈ?

ਮਹਾਰਾਜ ਕਹਿੰਦੇ, ਮੌਤ ਨਹੀਂ ਯਾਦ ਹੈ ਤੁਹਾਡੇ। ਜਿਹਦੇ ਮੌਤ ਯਾਦ ਹੈ ਉਹ ਗਲਤ ਕੰਮ ਨਹੀਂ ਕਰਿਆ ਕਰਦਾ। ਜਿਹਦੇ ਮੌਤ ਨਹੀਂ ਯਾਦ ਉਹ ਕਹਿੰਦਾ ਕੀਹਨੇ ਲੇਖੇ ਲੈਣੇ ਨੇ, ਕਿੱਥੇ ਦੇਣੇ ਨੇ? ਠੀਕ ਹੈ ਸਾਨੂੰ ਕੌਣ ਦੇਖਦਾ ਹੈ। ਕੌਣ ਕੀ ਕਰਦੈ? ਉਹ ਕਰ ਜਾਂਦਾ ਹੈ ਗਲਤੀਆਂ। ਜਿਹਨੂੰ ਮੌਤ ਯਾਦ ਹੈ ਉਹ ਤਾਂ ਕੁਛ ਵੀ ਨਹੀਂ ਕਰਦਾ।

ਕਹਿੰਦਾ, ਮਹਾਰਾਜ! ਮੇਰੇ ਗੱਲ ਸਮਝ ਵਿਚ ਨਹੀਂ ਪਈ। ਕਹਿੰਦੇ, ਪ੍ਰੈਕਟੀਕਲੀ ਸਮਝਾਵਾਂਗੇ। ਸਮਝਾਉਣਾ ਕੀ ਹੈ, ਤੇਰੀ ਜ਼ਿੰਦਗੀ ਤਾਂ ਸਾਰੀ ਛੇ ਦਿਨ ਦੀ ਰਹਿੰਦੀ ਹੈ। ਸੱਤਵੇਂ ਨੂੰ ਅਸੀਂ ਸਮਝਾ ਸਕਦੇ ਹਾਂ, ਪਰ ਉਸ ਦਿਨ ਤੂੰ ਚੜ੍ਹਾਈ ਕਰ ਜਾਏਂਗਾ।

ਐਨੀ ਗੱਲ ਸੁਣਦੇ ਹੀ ਧਰਤੀ ਪੈਰਾਂ ਥੱਲਿਓਂ ਨਿਕਲ ਗਈ ਕਿ ਆਹ ਤਾਂ ਛੇ ਦਿਨ ਦਾ ਹੀ ਕੰਮ ਰਹਿ ਗਿਆ। ਇਕ ਦਮ ਕੈਂਪ ਵਿਚ ਚਲਿਆ ਗਿਆ। ਜਹਾਂਗੀਰ ਦੇ ਕੋਲ ਬੇਗਮਾਂ ਆਉਂਦੀਆਂ ਨੇ। ਕਹਿੰਦਾ, ਮੈਨੂੰ ਕੋਈ ਨਾ ਮਿਲੇ। ਮੈਂ ਇਕਾਂਤ ਮੰਗਦਾ ਹਾਂ ਇਸ ਵੇਲੇ। ਦਰਵਾਜ਼ੇ ਬੰਦ ਹੋ ਗਏ। ਕੋਈ ਨਹੀਂ ਆਉਂਦਾ, ਨਾ ਕੋਈ ਅਮੀਰ, ਨਾ ਕੋਈ ਵਜ਼ੀਰ, ਤਸੱਬੀ ਚੁੱਕ ਲਈ। ਜਿਉਂ ਲੱਗਿਆ, ਅੱਲਾਹ-ਅੱਲਾਹ ਕਰਨ। ਦਿਨ-ਰਾਤ ਚੈਨ ਨਹੀਂ ਲੈਂਦਾ। ਛੇ ਦਿਨ ਲੰਘ ਗਏ, ਮਹਾਰਾਜ ਨੇ ਸੁਨੇਹਾ ਭੇਜਿਆ ਕਿ ਜਹਾਂਗੀਰ! ਤੂੰ ਛੇ ਦਿਨ ਪ੍ਰਮੇਸ਼ਰ ਦਾ ਲਗਾਤਾਰ ਭਜਨ ਕਰਿਆ ਹੈ, ਤੈਨੂੰ ਥੋੜ੍ਹੀ ਜਿਹੀ ਉਮਰ ਹੋਰ ਮਿਲ ਗਈ। ਅਜੇ ਨਹੀਂ ਤੂੰ ਜਾਂਦਾ। ਸਾਨੂੰ ਆ ਕੇ ਮਿਲ।

ਸੋ ਮਹਾਰਾਜ ਨੇ ਕਿਹਾ, ਪੀਰ ਜੀ ਨੇ ਬਖਸ਼ਿਸ਼ ਕਰ ਦਿਤੀ। ਮਹਾਰਾਜ ਦੇ ਚਰਨਾਂ 'ਤੇ ਆ ਕੇ ਨਮਸ਼ਕਾਰ ਕੀਤੀ। ਮਹਾਰਾਜ ਕਹਿੰਦੇ, ਸੁਣਾਓ! ਕੀ ਹਾਲ ਰਿਹਾ ਤੁਹਾਡਾ 5-6 ਦਿਨ? ਕਿੰਨੀਆਂ ਕੁ ਵਾਸ਼ਨਾਵਾਂ ਜਾਗੀਆਂ। ਕਿੰਨਾ ਕੁ ਤੁਹਾਡਾ ਚਿੱਤ ਸੁੰਦਰੀਆਂ ਨੂੰ ਦੇਖਣ ਨੂੰ ਕਰਦਾ ਰਿਹਾ? ਕਿੰਨਾ ਕੁ ਭੋਗਾਂ ਦੇ ਵਿਚ ਲੀਨ ਰਿਹਾ?

ਕਹਿੰਦਾ, ਮੇਰਾ ਮਨ! ਮੈਨੂੰ ਤਾਂ ਜਮਦੂਤ ਖੜ੍ਹੇ ਸਾਮ੍ਹਣੇ ਨਜ਼ਰ ਆਉਂਦੇ ਸੀ ਕਿਉਂਕਿ ਮੈਂ ਗੁਨਾਹ ਬਹੁਤ ਕਰੇ ਹੋਏ ਨੇ ਤੇ ਮੈਨੂੰ ਪਤਾ ਸੀ ਕਿ ਮੇਰੀ ਜਿੰਦ ਨੇ ਜਦੋਂ ਲੇਖਾ ਦੇਣਾ ਹੈ, ਮੇਰੇ ਨਾਲ ਬਹੁਤ ਬੁਰੀ ਹੋਣੀ ਹੈ। ਮੈਂ ਤਾਂ ਅੱਲਾਹ-ਤਾਲਾਹ ਦੇ ਨਾਂ ਤੋਂ ਬਿਨਾਂ ਕਿਸੇ ਪਾਸੇ ਸੁਰਤ ਹੀ ਨਹੀਂ ਲੈ ਕੇ ਗਿਆ। ਮਹਾਰਾਜ ਕਹਿੰਦੇ, ਆਹੀ ਹੈ ਸਾਰਾ ਭੇਤ। ਇਕਨਾਂ ਨੇ ਸੰਸਾਰ ਤੋਂ ਜਾਣਾ ਪਹਿਲਾਂ ਹੀ ਦ੍ਰਿੜ੍ਹ ਕਰ ਲਿਆ ਕਿ ਅਸੀਂ ਚਲੇ ਜਾਣੈ -

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥*

*ਅੰਗ- ੭੮੭*

ਜਿਹਨੇ ਜਾਣਾ ਮਿੱਥ ਲਿਆ, ਉਹ ਵਿਥਾਰ ਵਿਚ ਨਹੀਂ ਪੈਂਦਾ, ਗਲਤ ਗੱਲਾਂ 'ਚ ਨਹੀਂ ਪੈਂਦਾ।

ਸੋ ਗੁਰੂ ਨੌਵੇਂ ਪਾਤਸ਼ਾਹ ਦਸਦੇ ਨੇ ਸਾਰੀ ਸਮੱਸਿਆ ਵਾਹਿਗੁਰੂ ਨੂੰ ਭੁੱਲਣ ਦਾ, ਪਛਾਨਣ ਦਾ, ਇਹ ਕਿਉਂ ਭੁੱਲਿਆ ਹੈ? ਕਿਉਂ ਕਿ ਇਹਨੂੰ ਦੁਨੀਆਂ ਦੇ ਵਿਚ ਆ ਕੇ ਵਿਸ਼ਵਾਸ਼ ਹੋ ਗਿਆ ਕਿ ਮੈਂ ਇਥੋਂ ਨਹੀਂ ਜਾਣਾ, ਮੇਰੇ ਮਾਂ-ਬਾਪ ਹੀ ਗਏ ਨੇ। ਹਾਲਾਂਕਿ ਸਾਰੀ ਬਾਣੀ ਕਹਿੰਦੀ ਹੈ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*

*ਅੰਗ- ੧੩੮੧*

ਤੈਨੂੰ ਹੌਲ ਪਿਐ ਕਦੇ ਕਿ ਮੈਂ ਛੱਡ ਜਾਣੀ ਹੈ ਦੁਨੀਆਂ? ਕਦੇ ਸੋਝੀ ਹੈ ਅਵਾਜ਼ ਇਹ? ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਦੁਨੀਆਂ ਸੁਹਾਵਾ ਬਾਗ*
*ਇਕ ਦਿਨ ਛੱਡ ਜਾਵਣਾ।*

*ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥*
*ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥*

*ਅੰਗ- ੧੩੮੨*

ਨਗਾਰਾ ਕਾਲ ਦਾ ਵੱਜ ਰਿਹੈ? ਪਤਾ ਨਹੀਂ ਲੱਗਿਆ? ਤੈਨੂੰ ਨਗਾਰਾ ਸੁਣਿਆ ਨਹੀਂ? -

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥*

*ਅੰਗ- ੧੩੭੮*

ਨਗਾਰਾ ਵੱਜ ਰਿਹੈ। ਦਿਨ-ਰਾਤ ਨਉਬਤਿ ਵਜਦੀ ਹੈ। ਘੜੀ ਹੈ, ਨਉਬਤਿ ਚਲ ਰਹੀ ਹੈ, ਮਿੰਟ, ਸਕਿੰਟ ਬਾਅਦ ਟਿਕ-ਟਿਕ ਕਰ ਰਹੀ ਹੈ। ਤੈਨੂੰ ਦਸ ਰਹੀ ਹੈ ਕਿ ਤੇਰੀ ਉਮਰ ਘਟ ਰਹੀ ਹੈ। ਤੂੰ ਜਾਣ ਦੀ ਤਿਆਰੀ ਕਰ ਲੈ। ਕਹਿੰਦੇ, ਜਹਾਂਗੀਰ ਸਿਰਫ ਐਨਾ ਹੀ ਫਰਕ ਹੈ। ਇਹ ਆਦਮੀ ਗਲਤੀ ਉਦੋਂ ਕਰਦੈ ਜਦੋਂ ਕਹੇ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ। ਜਦੋਂ ਇਹ ਹੋਵੇ ਕਿ ਮੈਂ ਸੰਸਾਰ 'ਤੇ ਥੋੜ੍ਹੀ ਦੇਰ ਵਾਸਤੇ ਆਇਆ ਹਾਂ। ਕੁਛ ਕਰਨ ਵਾਸਤੇ ਆਇਆ ਹੈਂ। ਜਿਹੜਾ ਕੰਮ ਕਰਨ ਵਾਸਤੇ ਆਇਆ ਹੈਂ ਮੈਂ ਪਹਿਲ ਉਸ ਨੂੰ ਦੇਵਾਂ। ਕਿਉਂਕਿ ਪਤਾ ਨਹੀਂ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ- ੨੫੪*

ਸੋ ਸਾਰੀ ਸਮੱਸਿਆ ਇਸ ਗੱਲ ਦੇ ਵਿਚ ਹੈ-

*ਧਾਰਨਾ - ਨਹੀਂਓ ਮਰਨ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*
*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨ ॥ ੧ ॥*

*ਅੰਗ- ੭੨੬*

ਬਣਦਾ ਹੈ ਇਰਾਦਾ ਵਾਹਿਗੁਰੂ ਦਾ ਭਜਨ ਕਰਨ ਦਾ? ਜੇ ਬਣਦੈ ਕਹਿੰਦੇ, ਹੁਣੇ ਸ਼ੁਰੂ ਕਰ ਲੈ। ਹੁਣ ਤੋਂ ਹੀ ਵਾਹਿਗੁਰੂ-ਵਾਹਿਗੁਰੂ ਕਰੀ ਜਾਹ, ਜੀਭ ਨਾਲ ਤਾਂ ਇਹ ਕੰਮ ਕਰ ਤੇ ਸੁਰਤ ਨਾਲ ਇਹ ਕੰਮ ਕਰ ਕਿ ਮੇਰਾ ਪਿਆਰਾ ਮੈਨੂੰ ਪਿਆਰ ਕਰ ਰਿਹੈ, ਮੈਂ ਹੀ ਭੁੱਲਿਆ ਹੋਇਆ ਸੀ, ਉਹਦੀ ਤਾਂ ਨਿਗ੍ਹਾ 'ਚ ਮੈਂ ਸੀਗਾ। ਬੇਨਤੀ ਕਰ ਕਿ ਪਾਤਸ਼ਾਹ! ਮੈਂ ਤੈਨੂੰ ਭੁਲਾ ਕੇ ਰੱਖਿਆ ਹੈ। ਮੈਨੂੰ ਹੀ ਤੂੰ ਵਿਸਰਿਆ ਰਿਹੈਂ, ਤੂੰ ਤਾਂ ਮੇਰੇ ਨਾਲ ਖਾਣਾ ਪੀਣਾ, ਮੇਰੇ ਸਰੀਰ ਨੂੰ ਤੰਦਰੁਦਤ ਰਖਦੈਂ, ਮੈਨੂੰ ਕੋਠੀ ਰਹਿਣ ਵਾਸਤੇ ਦਿਤੀ, ਬਾਲ-ਬੱਚੇ ਮੈਨੂੰ ਸੇਵਾ ਕਰਨ ਵਾਸਤੇ ਦਿਤੇ। ਘਰਵਾਲੀ ਦਿਤੀ, ਪਤੀ ਦਿਤਾ। ਤੂੰ ਤਾਂ ਮੈਨੂੰ ਠੰਢਾ ਪਾਣੀ ਦਿੰਦੈ। ਹਰੇਕ ਚੀਜ਼ ਤੂੰ ਮੇਰੇ ਵਾਸਤੇ ਕਰਦਾ ਹੈਂ, ਹਵਾ ਕਿੱਥੋਂ ਮੁੱਲ ਲੈਂਦੇ ਜੇ ਤੂੰ ਨਾ ਦਿੰਦਾ। ਕਿੰਨਾ ਕੁਝ ਦੇ ਰਿਹੈ ਅਸਟਪਦੀ ਪੜ੍ਹ ਲਓ ਸੁਖਮਨੀ ਸਾਹਿਬ ਦੀ। ਉਹਦੇ ਮੁਤਾਬਿਕ ਉਹਦੇ ਅਰਥ ਨਾ ਕਰੋ, ਉਹਦੀ ਭਾਵਨਾ 'ਚ ਜਾਓ ਕਿ ਵਾਹਿਗੁਰੂ ਦਿੰਦੈ। ਜੇ ਨਾ ਦੇਵੇ ਫੇਰ ਕੀ ਹੋਵੇ? ਅਰਬ ਕੰਟਰੀਆਂ 'ਚ ਪਾਣੀ ਹੀ ਨਹੀਂ ਮਿਲਦਾ, ਉਹ ਬਾਹਰੋਂ ਲਿਆਉਂਦੇ ਨੇ ਕਿਤੋਂ ਪੀਣ ਨੂੰ, ਦੂਰੋਂ ਜਹਾਜ਼ ਭਰ ਕੇ ਆਉਂਦੇ ਨੇ, ਮੁੱਲ ਮਿਲਦੈ ਹੈ ਪਾਣੀ। ਇਥੇ ਸਾਨੂੰ ਮੁਫ਼ਤ ਹੀ ਮਿਲਿਆ ਹੋਇਆ ਹੈ। ਨਹਾਈ ਜਾਓ, ਜਿਨ੍ਹਾਂ ਨਾਹੁੰਣੈ। ਉਹ ਕਹਿੰਦੇ, ਪਾਣੀ ਦਾ ਨਾਹੁੰਣਾ ਤਾਂ ਬਹੁਤਾ ਹੀ ਔਖਾ ਹੈ। ਇਕ ਮੈਨੂੰ ਦਸੇ ਕਿ ਸਾਡੀ ਤਾਂ ਸੱਤਵੇਂ ਦਿਨ ਵਾਰੀ ਆ ਜਾਵੇ ਤਾਂ ਵੀ ਚੰਗਾ ਹੈ। ਮੂੰਹ ਧੋਣ ਜੋਗਾ ਹੀ ਆਉਂਦੈ ਪਾਣੀ। ਇਥੇ ਕਿੰਨੀ ਵਧੀਆ ਹਵਾ ਦਿਤੀ ਹੈ, ਛੇ ਰੁੱਤਾਂ ਦਿਤੀਆਂ ਨੇ।

ਅਮਰੀਕਾ ਸ਼ਿਕਾਗੋ ਚਲੇ ਜਾਓ, ਠੰਢ 'ਚ ਬਾਹਰ ਨਿਕਲ ਕੇ ਦਿਖਾ ਦਿਓ, ਵਿਚ ਦੀ ਲੰਘ ਜਾਂਦੀ ਹੈ ਸਾਰ-ਪਾਰ। ਜੇ ਹੱਥ ਨੰਗਾ ਰਹਿ ਜਾਏ, ਜਾ ਕੇ ਕਾਰ ਨੂੰ ਲਾ ਦਿਤਾ, ਉਂਗਲੀਆਂ ਹੀ ਝੜ ਜਾਂਦੀਆਂ ਨੇ। ਇਹੋ ਜਿਹਾ ਸਭ ਕੁਝ ਦਿਤਾ ਹੋਇਐ, ਫੇਰ ਵੀ ਅਸੀਂ ਉਹਨੂੰ ਯਾਦ ਨਹੀਂ ਕਰਦੇ। ਉਹਨੂੰ ਯਾਦ ਕਰਕੇ ਵਾਹਿਗੁਰੂ ਕਹੋ। ਪਛਾਣ ਕੇ ਕਹੋ ਫੇਰ ਉਹ ਸਭ ਤੋਂ ਪਿਆਰਾ ਹੈ। ਉਸ ਤੋਂ ਪਿਆਰਾ ਕੋਈ ਨਹੀਂ। ਸਾਰਿਆਂ ਨਾਲੋਂ ਨੇੜੇ ਹੈ ਬਾਕੀ ਸਭ ਦੂਰ ਨੇ। ਫੇਰ ਹਰ ਥਾਂ ਦੇ ਉਤੇ ਉਹ ਕੰਮ ਆਉਂਦਾ ਹੈ। ਮਹਾਰਾਜ ਕਹਿੰਦੇ, ਜੇ ਤੇਰੇ ਮਨ ਵਿਚ ਫੁਰਨਾ ਬਣਦਾ ਹੈ ਕਿ ਮੈਂ ਉਹਨੂੰ ਯਾਦ ਕਰਨਾ ਹੈ, ਮੰਨ ਜਾ ਸਾਡੀ ਗੱਲ, ਹੱਠ ਨਾ ਕਰ। ਹਿੰਡ ਨਹੀਂ ਕਰੀਦੀ ਹੁੰਦੀ, ਇਸ ਗੱਲ ਨੂੰ ਸਤਿ ਮੰਨ ਲੈ ਜਿਹੜੀ ਕੁਛ ਮਹਾਰਾਜ ਕਹਿੰਦੇ ਨੇ। ਫੇਰ ਤੂੰ ਆਪਣੇ ਆਪ ਨੂੰ ਪ੍ਰਮੇਸ਼ਰ ਦੀ ਯਾਦ ਵਿਚ ਪੱਕਾ ਕਰ ਲੈ। ਤਾਂ ਕਹਿੰਦੇ- ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ '*** 'ਨਿਸਿ' ਕਹਿੰਦੇ ਨੇ ਰਾਤ ਨੂੰ, 'ਦਿਨਿ'

ਦਿਨ ਨੂੰ। ਦਿਨ-ਰਾਤ ਲਗ ਕੇ ਉਹਦੇ ਵਲ ਧਿਆਨ ਦੇ ਕੇ ਤੂੰ ਉਹਨੂੰ ਯਾਦ ਕਰ ਲੈ, ਯਾਦ ਹੀ ਕਰਨਾ ਹੈ। ਜਦੋਂ ਕੋਈ ਯਾਦ ਹੋ ਜਾਂਦੈ, ਫੇਰ ਉਹ ਯਾਦ ਵਿਚ ਸਮਾਅ ਜਾਂਦਾ ਹੈ। ਜਿਹੜੇ ਯਾਦ ਕਰਦੇ ਨੇ ਉਹਨਾਂ ਨੂੰ ਪੁੱਛ ਲਓ ਕਿ ਤੁਹਾਡੀ ਯਾਦ ਵਿਚ ਉਹ ਕੰਮ ਕਰਦੇ ਵੀ ਸਮਾਇਆ ਰਹਿੰਦੈ? ਕਹਿੰਦੇ, ਹਾਂ ਸਾਨੂੰ ਤਾਂ ਭੁੱਲਦਾ ਹੀ ਨਹੀਂ ਕਿਸੇ ਸਮੇਂ। ਹਰ ਵਕਤ ਯਾਦ ਰਹਿੰਦੈ। ਕਿਸੇ ਦਾ ਵਿਛੋੜਾ ਹੋ ਜਾਏ ਆਪਣੇ ਪਿਆਰੇ ਨਾਲ, ਕਦੇ ਨਹੀਂ ਭੁੱਲੇਗਾ ਉਹਨੂੰ। ਕਾਰੋਬਾਰ ਕਰੇਗਾ, ਸਭ ਕੁਛ ਕਰੇਗਾ, ਹਉਕੇ ਉਹਦੀ ਯਾਦ ਵਿਚ ਆਉਣਗੇ। ਸੋ ਕਹਿੰਦੇ, ਇਸ ਤਰ੍ਹਾਂ ਯਾਦ ਕਰ ਲੈ - ***'ਛਿਨੁ ਛਿਨੁ ਅਉਧ ਬਿਹਾਤੁ ਹੈ ...॥'*** ਟਿਕ-ਟਿਕ-ਟਿਕ-ਟਿਕ ਕਰਕੇ ਘੜੀ ਤੇਰੀ ਉਮਰ ਦੀ ਲੱਜ ਨੂੰ ਕੱਟਦੀ ਜਾਂਦੀ ਹੈ। ਆਪੇ ਹੀ ਕਦੇ ਹਿਸਾਬ ਲਾ ਕੇ ਦੇਖ ਲਈਂ ਕਿ ਐਨੇ ਮਿੰਟ ਮੇਰੇ ਬਾਥਰੂਮ 'ਚ ਲੱਗੇ, ਐਨੇ ਮੇਰੇ ਸ਼ੀਸ਼ੇ ਸਾਮ੍ਹਣੇ ਲੱਗੇ, ਐਨੇ ਦਸਤਾਰ ਬੰਨ੍ਹਦੇ ਦੇ ਲੱਗੇ, ਐਨੇ ਰੋਟੀ ਖਾਂਦੇ ਦੇ ਲੱਗੇ, ਐਨਾ ਆਹ ਕਰਦੇ ਦੇ ਲੱਗੇ। ਰੱਬ ਦੇ ਦਰ 'ਤੇ ਐਨੇ ਲੱਗੇ, ਪਰ ਹਾਜ਼ਰੀ ਮੇਰੀ ਐਨੇ ਮਿੰਟਾਂ ਦੀ ਹੈ। ਦੋ-ਢਾਈ ਮਿੰਟ ਯਾਦ ਰਹਿ ਜਾਏ ਉਹ ਵੀ ਬੜੀ ਬਾਤ ਹੁੰਦੀ ਹੈ।

ਸ. ਪ੍ਰਤਾਪ ਸਿੰਘ ਕੈਰੋਂ ਜਿਹੜੇ ਚੀਫ਼ ਮਨਿਸਟਰ ਹੁੰਦੇ, ਉਹ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਉਹਨੇ ਮਾਲਾ ਮੰਗ ਲਈ ਮਹਾਰਾਜ ਜੀ ਤੋਂ। ਕਹਿੰਦਾ, ਮਹਾਰਾਜ! ਮੇਰਾ ਵੀ ਭਲਾ ਹੋ ਜਾਏ, ਮੈਨੂੰ ਆਪਣਾ ਸਿਮਰਨਾ, ਦੇ ਦਿਓ। ਮਹਾਰਾਜ ਕਹਿੰਦੇ, ਇਕੱਲੇ ਸਿਮਰਨੇ ਨਾਲ ਕੀ ਕਰੇਂਗਾ? ਇਵੇਂ ਕਰਨਲ ਲਾਲ ਸਿਉਂ ਨੇ ਸਿਮਰਨਾ ਮੰਗ ਲਿਆ ਸੀ। ਉਹਨੇ ਮਨ ਵਿਚ ਹੀ ਮੰਗਿਆ ਸੀ। ਮਹਾਰਾਜ ਜੀ ਬਾਹਰ ਜਾ ਕੇ ਕੋਠੀ 'ਚ ਮੁੜ ਕੇ ਆ ਗਏ। ਅਸੀਂ ਖੜ੍ਹੇ ਹੀ ਸੀ ਅਜੇ। ਕੋਈ ਬਚਨ ਨਹੀਂ ਉਹਨਾਂ ਨੇ ਕਰਿਆ, ਆਉਂਦਿਆਂ ਨੇ ਵਗਾਹ ਕੇ ਮਾਰਿਆ ਸਿਮਰਨਾ। ਕਰਨਲ ਲਾਲ ਸਿੰਘ ਸਿੰਘ ਨੇ ਬੋਚ ਲਿਆ। ਬਹੁਤ ਜ਼ਿਆਦਾ ਕਹੇ ਕਿ ਮਹਾਰਾਜ ਨੂੰ ਕਿਵੇਂ ਪਤਾ ਲਗ ਗਿਆ। ਸਿਮਰਨਾ ਵਧੀਆ ਹੈ, ਪਤਾ ਨਹੀਂ ਕਿੰਨੇ ਸੌ ਰੁਪਏ ਦਾ ਹੋਵੇ, ਮੈਂ ਮੂਰਖ ਨੇ ਐਵੇਂ ਹੀ ਮੰਗ ਲਿਆ। ਕਹਿੰਦਾ ਮੇਰੇ ਮਨ ਵਿਚ ਆਇਆ ਸੀ ਕਿ ਸਿਮਰਨਾ ਬਹੁਤ ਵਧੀਆ ਹੈ, ਮੈਨੂੰ ਦੇ ਦਿੰਦੇ ਚੰਗਾ ਸੀ। ਮੈਂ ਕਿਹਾ, ਤੂੰ ਇਸ ਤਰ੍ਹਾਂ ਵੀ ਪੁੱਛਣਾ ਸੀ ਕਿ ਸਿਮਰਨੇ ਦੇ ਨਾਲ ਕੁਛ ਬੋਲੀਦਾ ਵੀ ਹੁੰਦੈ ਕਿ ਸੁੱਕਾ ਹੀ ਘੁੰਮਾਈਦੈ। ਆਹ ਗੱਲ ਪੁੱਛ ਲੈਣੀ ਸੀ? ਕਹਿੰਦਾ, ਆਹ ਗੱਲ ਤਾਂ ਰਹਿ ਗਈ ਮੇਰੇ ਤੋਂ। ਮੈਂ ਕਿਹਾ, ਚੰਗਾ ਤੈਨੂੰ ਕਿਸੇ ਦਿਨ ਉਹਨਾਂ ਦੇ ਪੇਸ਼ ਕਰਾਂਗੇ। ਮਹਾਰਾਜ ਐਨੇ ਹੀ ਦਿਆਲੂ ਹੋਣ, ਚੰਗਾ ਤਾਂ ਸੀ ਕਿ ਤੂੰ ਹੁਣੇ ਹੀ ਪੁੱਛ ਲੈਂਦਾ। ਪ੍ਰਤਾਪ ਸਿੰਘ ਨੇ ਕਹਿ ਦਿਤਾ ਸੀ ਕਿ ਮਹਾਰਾਜ! ਮੇਰੇ 'ਤੇ ਮਿਹਰ ਕਰੋ, ਮੈਨੂੰ ਇਹ ਦੱਸੋ, ਸਿਮਰਨਾ ਵੀ ਦਿਓ ਨਾਲ ਇਹ ਵੀ ਦੱਸੋ ਕਿ ਨਾਮ ਕਿਵੇਂ ਜਪੀਦੈ? ਮਹਾਰਾਜ ਕਹਿੰਦੇ, ਤੇਰਾ ਰੁਝੇਵਾਂ ਬਹੁਤ ਹੈ। ਕਿੰਨਾ ਕੁ ਹੈ?

ਕਹਿੰਦਾ, ਮਹਾਰਾਜ! ਜਦੋਂ ਮੈਂ ਰੋਟੀ ਖਾਂਦਾ ਹਾਂ, ਓਦੋਂ ਵੀ ਕਾਗਜ਼ ਮੂਹਰੇ ਪਏ ਹੁੰਦੇ ਨੇ। ਜਦੋਂ ਮੈਂ ਨਾਹੁੰਦਾ, ਬਾਥਰੂਮ ਦਾ ਦਰਵਾਜ਼ਾ ਖੋਲ੍ਹ ਕੇ ਨਾਹੁੰਦਾ, ਉਸ ਵੇਲੇ ਵੀ ਸੈਕਟਰੀ ਫਾਇਲਾਂ 'ਚੋਂ ਬੋਲੀ ਜਾਂਦੈ, ਮੈਂ ਅੰਦਰੋਂ ਬੋਲੀ ਜਾਂਦਾ। ਸਮਾਂ ਨਹੀਂ ਹੁੰਦਾ। ਸਾਫਾ ਮੈਂ ਤੁਰਿਆ ਜਾਂਦਾ ਬੰਨ੍ਹਦਾ। ਸੱਚੀਓਂ ਬੰਨ੍ਹਦਾ ਹੁੰਦਾ ਸੀ। ਸੈਕਟਰੀਏਟ ਨੂੰ ਅਸੀਂ ਸਵੇਰੇ-ਸਵੇਰੇ ਜਾਣਾ, ਸੈਰ ਕਰਨ ਜਾਂਦੇ ਹੁੰਦੇ, ਸਾਫਾ ਮੋਢੇ 'ਤੇ ਰੱਖ ਕੇ, ਤੁਰੇ ਜਾਂਦੇ ਹੀ ਬੰਨ੍ਹਦਾ ਹੁੰਦਾ ਸੀ। ਬੂਟਾਂ ਦੇ ਜਿਹੜੇ ਫੀਤੇ ਸੀ ਉਹਨੇ ਕਦੇ ਹੀ ਕਸੇ ਸੀ। ਖੁਲ੍ਹੇ ਹੀ ਰਹਿੰਦੇ ਹੁੰਦੇ। ਕਹਿੰਦਾ, ਐਨਾ ਕੁ ਸਮਾਂ ਹੈ ਮਹਾਰਾਜ। ਮਹਾਰਾਜ ਕਹਿੰਦੇ, ਚੰਗਾ। ਫੇਰ ਤੇਰੇ ਨਾਲ ਰਿਆਇਤ ਕਰਦੇ ਹਾਂ। ਪੰਜ ਮਿੰਟ ਸਵੇਰੇ, ਪੰਜ ਮਿੰਟ ਦੁਪਹਿਰੇ, ਪੰਜ ਮਿੰਟ ਰਾਤ ਨੂੰ, ਕਰ ਲਏਂਗਾ? ਕਹਿੰਦਾ, ਹਾਂ ਜੀ। ਕਹਿੰਦੇ, ਪਰ ਸ਼ਰਤ ਇਹ ਹੈ ਕਿ ਪੰਜ ਮਿੰਟ ਵਿਚ ਤੇਰਾ ਮਨ ਨਾ ਕਿਧਰੇ ਵੀ ਜਾਵੇ? ਕਹਿੰਦਾ ਕੋਸ਼ਿਸ਼ ਕਰਾਂਗਾ ਮਹਾਰਾਜ।

ਮਹਾਰਾਜ ਜੀ ਦੇ ਦੀਵਾਨ ਲੱਗੇ ਹੋਏ ਸੀ ਕਾਲਕਾ। ਦੁਆਬੀਆ ਸਾਹਿਬ ਵੀ ਮੇਰੇ ਨਾਲ ਜਾਂਦੇ ਹੁੰਦੇ ਸੀ। ਉਥੇ ਅਸੀਂ ਬੈਠੇ ਸੀ, ਮੇਰੇ ਬਰਾਬਰ ਆ ਕੇ ਬੈਠ ਗਿਆ, ਸਿਮਰਨਾ ਹੱਥ ਵਿਚ ਹੈ। ਫੇਰੀ ਜਾਂਦੈ ਮਾਲਾ। ਉਸ ਤੋਂ ਬਾਅਦ ਮੈਂ ਕਿਹਾ ਤੁਸੀਂ ਬੋਲੋਂਗੇ? ਕਹਿੰਦਾ, ਨਾ। ਮੇਰੇ ਤੋਂ ਕਹਿ ਹੋ ਗਿਆ, 'ਯਥਾ ਰਾਜ ਤਥਾ ਪਰਜਾ।' ਰਾਜੇ ਵਰਗੀ ਹੀ ਪਰਜਾ ਹੁੰਦੀ ਹੈ। ਰਾਜਾ corrupt ਰਾਜਾ ਹੋਵੇ, ਪਰਜਾ ਵੀ ਵੈਸੀ ਹੀ ਹੁੰਦੀ ਹੈ। ਕਹਿੰਦਾ, ਨਹੀਂ ਇਹ ਗੱਲ

ਪਹਿਲਾਂ ਸੀ। ਹੁਣ ਨਹੀਂ ਹੈ। ਉਹ ਖੜ੍ਹਾ ਹੋ ਗਿਆ, ਬੋਲਣ ਲਗ ਗਿਆ। ਕਹਿੰਦਾ, 'ਯਥਾ ਪਰਜਾ ਤਥਾ ਰਾਜਾ' ਜਿਹੋ ਜਿਹੀ ਪਰਜਾ ਹੋਏਗੀ, ਉਹੋ ਜਿਹਾ ਹੀ ਰਾਜਾ ਹੋਏਗਾ। ਉਹਨਾਂ ਨੇ ਨਜਾਇਜ਼ ਕੰਮ ਕਰਾਉਣੇ ਨੇ ਉਹਨੂੰ ਕਰਨੇ ਪੈਣੇ ਨੇ। ਨਹੀਂ ਤਾਂ ਵੋਟਾਂ ਨਹੀਂ ਮਿਲਣੀਆਂ। ਮਹਾਰਾਜ ਜੀ ਕ੍ਰਿਪਾ ਕਰਨ ਪਰਜਾ ਨੂੰ ਸਮਝਾਉਣ ਫੇਰ ਚੰਗੀ ਗੋਰਮਿੰਟ ਆਵੇ। ਜਿੰਨਾਂ ਚਿਰ ਪਰਜਾ ਮਾੜੀ ਹੈ ਓਨਾਂ ਚਿਰ ਗੋਰਮਿੰਟ ਅੱਛੀ ਨਹੀਂ ਆ ਸਕਦੀ। ਫੇਰ ਉਹਨੇ ਦੂਜੀ ਗੱਲ ਕਹੀ ਕਿ ਮੈਂ ਢਾਈ ਘੰਟੇ ਬੈਠਾ ਰਿਹਾ ਹਾਂ ਇਥੇ ਤੇ ਮੈਂ ਆਇਆ ਸੀ ਸਿਰਫ 15 ਮਿੰਟ ਵਾਸਤੇ। ਮੈਨੂੰ ਪਤਾ ਹੀ ਨਹੀਂ, ਮੇਰੇ ਗੋਡਿਆਂ ਨੂੰ ਕਿਵੇਂ ਜੋੜ ਦਿਤਾ। ਮੇਰੀ ਤਾਂ ਯਾਦ 'ਚੋਂ ਹੀ ਨਿਕਲ ਗਿਆ। ਕਹਿੰਦਾ, ਮੈਂ ਨਾਮ ਜਪਣਾ ਸ਼ੁਰੂ ਕਰਿਆ, ਢਾਈ ਘੰਟੇ 'ਚ ਮੇਰੀ ਹਾਜ਼ਰੀ ਸਿਰਫ ਢਾਈ ਮਿੰਟ ਹੈ। ਇਕ ਘੰਟੇ 'ਚ ਇਕ ਮਿੰਟ ਹਾਜ਼ਰੀ ਦਿਤੀ। ਕਹਿੰਦਾ, ਮੈਂ ਤਾਂ ਬਚਨ ਦੇ ਬੈਠਿਆ ਮਹਾਰਾਜ ਜੀ ਨੂੰ। ਫੇਰ ਆਇਆ, ਰਾੜਾ ਸਾਹਿਬ, ਉਥੇ ਫੇਰ ਉਹਨੇ ਓਹੀ ਗੱਲ ਕਹੀ।

ਦੀਵਾਨ ਸੁਣਿਆ, ਕਹਿਣ ਲੱਗਿਆ, ਮੇਰੀ ਅਰਦਾਸ ਕਰੋ ਸਾਧਸੰਗਤ ਜੀ। ਮੈਂ ਮਹਾਂਪੁਰਸ਼ਾਂ ਨੂੰ ਬਚਨ ਦੇ ਚੁੱਕਿਆ ਹਾਂ 15 ਮਿੰਟ 24 ਘੰਟੇ ਦਾ ਤੇ ਮੇਰੇ ਪੰਦਰਾਂ ਮਿੰਟ ਨਹੀਂ ਬਣਦੇ। ਸਾਰਾ ਦਿਨ ਮੈਂ ਲੱਗਿਆ ਰਹਾਂ ਤਾਂ ਪੰਜ ਮਿੰਟ ਬਣਦੇ ਨੇ।

ਉਹ ਸਹੀ ਗੱਲ ਕਹਿ ਰਿਹਾ ਸੀ। ਮਾਲਾ ਹੱਥ 'ਚ ਘੁੰਮਣੀ ਹੋਰ ਗੱਲ ਹੈ। ਰੱਬ ਦੀ ਹਾਜ਼ਰੀ ਵਿਚ ਵਾਹਿਗੁਰੂ-ਵਾਹਿਗੁਰੂ ਕਹਿਣਾ ਹੋਰ ਗੱਲ ਹੈ। ਸੋ ਮਹਾਰਾਜ ਕਹਿੰਦੇ ਤੂੰ ਰੱਬ ਦੀ ਹਾਜ਼ਰੀ ਵਿਚ ਨਾਮ ਲੈ। ਤੇਰੀ ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਘੜੇ ਦਾ ਪਾਣੀ ਨਿਕਲ ਜਾਂਦੈ। ਮਾੜਾ ਤੇੜ ਆਈ ਹੋਵੇ। ਇਸ ਤਰ੍ਹਾਂ ਉਮਰ 24000 ਸਵਾਸ ਰੋਜ਼ ਘਟ ਜਾਂਦੈ। ਜਦੋਂ ਤੂੰ ਜੰਮਿਆ ਸੀ, 75 ਸਾਲ ਦੀ ਉਮਰ ਦੀ ਉਮੀਦ ਸੀ ਤਾਂ ਉਸ ਵੇਲੇ ਤੇਰੇ ਜਿਹੜੇ ਸਵਾਸ ਤੈਨੂੰ ਦਿਤੇ ਸੀ, ਉਹ 66 ਕਰੋੜ 44 ਲੱਖ ਸਵਾਸ ਤੇਰੇ ਪੱਲੇ ਸੀ। ਜੇ 100 ਸਾਲ ਦਾ ਹੋ ਜਾਂਦਾ ਤਾਂ 88 ਕਰੋੜ 66 ਲੱਖ ਸਵਾਸ ਸੀ। ਐਨੇ ਸਵਾਸਾਂ ਦਾ ਮਾਲਕ ਹੋ ਕੇ ਕਦੇ ਬੈਠ ਕੇ ਲੇਖਾ-ਪੱਤਾ ਕਰੀਂ ਕਿ ਰੱਬ ਦੇ ਵਲ ਕਿੰਨੇ ਲੱਗੇ ਸੀ। ਪਾਠ ਤਾਂ ਜ਼ਰੂਰ ਕਰੇ ਨੇ ਤੂੰ ਜਪੁਜੀ ਸਾਹਿਬ ਦੇ, ਮਾਲਾ ਵੀ ਹੱਥ ਵਿਚ ਫੇਰੀ ਹੋਣੀ ਹੈ। ਇਸ ਤਰ੍ਹਾਂ ਦੇਖੀਂ ਕਿ ਕਿੰਨੇ ਮਿੰਟ ਲੱਗੇ ਨੇ। ਪਰ ਇਹ ਲੇਖਾ ਪੱਤਾ ਜੇ ਸਾਨੂੰ ਕਰਨਾ ਆ ਜਾਵੇ ਤਾਂ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ।* *ਭਾਈ ਵੀਰ ਸਿੰਘ ਜੀ*

ਜਿਹੜੀ ਰੱਬ ਦੇ ਲੇਖੇ ਵਿਚ ਉਮਰ ਗਈ ਉਹ ਵੀ ਵਧੀਆ ਹੈ। ਬਾਕੀ ਤਾਂ ਸਾਡਾ ਘਾਟੇ ਦਾ ਸੌਦਾ ਹੋ ਗਿਆ। ਸੋ ਮਹਾਰਾਜ ਕਹਿੰਦੇ, ਆਪਣੀ ਉਮਰ ਨੂੰ ਬਚਾ ਪ੍ਰੇਮੀਆਂ। ਕੁਛ ਤਾਂ ਸਮਾਂ ਲਗਾ ਪ੍ਰਮੇਸ਼ਰ ਵਲ। ਉਹ ਪ੍ਰੀਪੂਰਨ ਹੈ। ਤੇਰੀ ਮਦਦ ਕਰਦਾ ਹੈ, ਤੇਰਾ ਆਪਣਾ ਆਪ ਹੈ। ਤੂੰ ਉਹਦਾ ਨਾਮ ਜਪ, ਤੇਰੇ ਸਾਰੇ ਬੰਧਨ ਖਤਮ ਹੋ ਜਾਣਗੇ। ਤੇਰੇ ਸਾਰੇ ਦੁਖ ਖਤਮ ਹੋ ਜਾਣਗੇ। ਤੇਰੇ ਸਾਰੇ ਵਿਘਨ ਕੱਟੇ ਜਾਣਗੇ। ਤੂੰ ਕਿਉਂ ਨਹੀਂ ਨਾਮ ਜਪਦਾ, ਦੱਸ ਤਾਂ ਸਹੀ, ਸਮਝਾ? -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਅੰਗ- ੨੨੬*

24000 ਸਵਾਸ ਤੇਰਾ ਰੋਜ਼ ਨਿਕਲ ਜਾਂਦਾ ਹੈ। ਤੂੰ ਮੂਰਖ ਤੇ ਅਗਿਆਨੀ ਹੈਂ? ਕਹਿੰਦਾ, ਮੈਂ ਤਾਂ ਪੜ੍ਹਿਆ ਹੋਇਆ ਹਾਂ। ਪੜ੍ਹਾਈ ਕੀ ਹੁੰਦੀ ਹੈ, ਜਿਸ ਨੇ ਵਾਸ਼ਨਾ ਹੀ ਨਹੀਂ ਕਾਬੂ ਕਰੀਆਂ। ਜਿਹਨੂੰ ਮਾੜੀ ਜਿਹੀ ਗੱਲ 'ਤੇ ਗੁੱਸਾ ਆ ਜਾਏ? ਉਹ ਕਿਤੇ ਪੜ੍ਹਿਆ ਹੋਇਐ? ਉਹ ਤਾਂ ਅਨਪੜ੍ਹ ਹੈ। ਪੜ੍ਹਿਆ ਹੋਇਆ ਕੌਣ ਹੈ -

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥* *ਅੰਗ- ੯੩੮*

ਜਿਹਦੇ ਹਰ ਸਵਾਸ ਦੇ ਨਾਲ, ਵਾਹਿਗੁਰੂ ਦੇ ਰਸ ਵਿਚ ਭਿੱਜਿਆ ਹੋਇਆ ਸਵਾਸ ਨਿਕਲਦੈ, ਕਹਿੰਦੇ ਉਹ ਪੜ੍ਹਿਆ ਹੋਇਆ ਹੈ, ਬਾਕੀ ਸਭ ਅਨਪੜ੍ਹ ਹੈ ਦੁਨੀਆਂ ਇਥੇ। ਅੱਖਰ ਜਾਣਦੇ ਨੇ, ਅਸਲੀ ਪੜ੍ਹਾਈ ਨਹੀਂ ਪਤਾ ਲੱਗਿਆ ਕਿ ਪੜ੍ਹਾਈ

ਹੁੰਦੀ ਕੀ ਹੈ? ਪੜ੍ਹਾਈ ਉਹ ਹੈ ਅਸਲੀ ਜਿਹੜੀ ਜਮਦੂਤਾਂ ਤੋਂ ਛੁਡਾ ਦੇਵੇ। ਜਿਹੜੀ ਜਮਦੂਤਾਂ ਦੇ ਵਸ ਹੋਰ ਪਾ ਦੇਵੇ, ਪੜ੍ਹ ਕੇ ਤਿੱਖੀ ਕਰ ਲਈ ਅਕਲ, ਰਿਸ਼ਵਤ ਲੈਣ ਦਾ ਢੰਗ ਆ ਗਿਆ। ਬੇਈਮਾਨੀ ਕਰਨ ਦਾ ਢੰਗ ਆ ਗਿਆ। ਧੋਖੇ ਕਰਨ ਦਾ ਢੰਗ ਆ ਗਿਆ ਕਿਉਂਕਿ ਅਕਲ ਬਹੁਤੀ ਤਿੱਖੀ ਕਰ ਲਈ। ਦੂਜਾ ਵਿਸ਼ਵਾਸ਼ ਕਰਦੈ, ਇਹ ਕਹਿੰਦਾ, ਵਿਸ਼ਵਾਸ਼ ਦੀ ਲੋੜ ਹੀ ਨਹੀਂ, ਵਿਸ਼ਵਾਸ਼ ਕਰਕੇ ਦੂਜੇ ਨੂੰ ਧੋਖਾ ਦਿਓ। ਮਹਾਰਾਜ ਕਹਿੰਦੇ, ਤੂੰ ਪੜ੍ਹਿਆ ਹੋਇਆ ਹੈਂ? ਇਹਦੇ ਨਾਲੋਂ ਤਾਂ ਪ੍ਰੇਮੀਆਂ ਤੂੰ ਅਨਪੜ੍ਹ ਹੀ ਚੰਗਾ ਸੀ। ਸੋ ਮਹਾਰਾਜ ਕਹਿੰਦੇ, ਤੂੰ ਆਪਣੇ ਆਪ ਨੂੰ ਪੜ੍ਹਿਆ ਹੋਇਆ ਕਹਿੰਦਾ ਹੈਂ, ਪਰ ਜਦੋਂ ਰੂਹਾਨੀ ਗਜ਼ ਨਾਲ ਤੈਨੂੰ ਨਾਪਿਆ ਜਾਂਦਾ ਹੈ, ਤਾਂ ਮੂਰਖ ਤੇ ਅਗਿਆਨੀ ਹੈਂ।

ਇਕ ਵਾਰੀ ਇਕ ਰਾਜਾ ਸੀ ਉਹਦੀ ਰਾਣੀ ਰੋਜ਼ ਕਿਹਾ ਕਰੇ ਕਿ ਰਾਜਨ! ਉਠੋ, ਮਾਨਸ ਜਨਮ ਨਾਮ ਜਪਣ ਵਾਸਤੇ ਮਿਲਦਾ ਹੈ। ਬੜੀਆਂ ਸਾਖੀਆਂ ਸੁਣਾਇਆ ਕਰੇ। ਮਹਾਂਪੁਰਸ਼ਾਂ ਦੀ ਸੰਗਤ ਸੀ ਉਹਨੂੰ, ਉਹਦੇ ਦਿਲ 'ਚ ਇਕ ਵਾਰੀ ਪ੍ਰੇਰਨਾ ਹੋ ਜਾਇਆ ਕਰੇ ਕਿ ਜਪਣਾ ਚਾਹੀਦਾ ਹੈ ਨਾਮ। ਕਹਿੰਦਾ, ਰਾਣੀ ਸਾਹਿਬਾ! ਜਦੋਂ ਅੰਮ੍ਰਿਤ ਵੇਲੇ ਤੁਸੀਂ ਉਠੋਂ, ਉਸ ਵੇਲੇ ਮੈਨੂੰ ਵੀ ਜਗਾ ਦਿਆ ਕਰੋ। ਕਹਿੰਦੀ, ਕੋਈ ਨਾ। ਉਹ ਜਦੋਂ ਉਠਿਆ ਕਰੇ, ਇਹਨੂੰ ਹਾਕ ਮਾਰ ਦਿਆ ਕਰੇ। ਉਹ ਕੱਪੜਾ ਲੈ ਕੇ ਸੌਂ ਜਾਇਆ ਕਰੇ। ਕੋਈ ਜਵਾਬ ਨਾ ਦਿਆ ਕਰੇ। ਕਹੇ ਮਹਾਰਾਜ! ਉੱਠੋ ਤੁਸੀਂ ਕਿਹਾ ਸੀ। ਜਵਾਬ ਹੀ ਨਹੀਂ ਦੇਣਾ, ਪਾਸਾ ਲੈ ਕੇ ਪੈ ਜਾਇਆ ਕਰੇ। ਉਹ ਚੁੱਪ ਕਰ ਜਾਏ। ਛੇ ਸਾਲ ਲੰਘ ਗਏ।

ਇਕ ਦਿਨ ਮਨ ਵਿਚ ਆਇਆ ਕਿ ਇਹਨੇ ਕਿੰਨਾਂ ਸਮਾਂ ਬਰਬਾਦ ਕਰ ਦਿਤਾ। ਛੇ ਸਾਲ ਨਸ਼ਟ ਕਰ ਦਿਤੇ। ਉਸ ਵੇਲੇ ਉਹਦੇ ਮੂੰਹੋਂ ਨਿਕਲਿਆ ਕਹਿੰਦੀ ਰਾਜਨ! ਤੁਸੀਂ ਤਾਂ ਮੂਰਖ ਹੋਂ। ਕਹਿੰਦਾ, ਮੈਂ ਮੂਰਖ ਹਾਂ। ਕਹਿਣ ਲੱਗੀ, ਮਾਫ ਕਰਨਾ। ਛੇ ਸਾਲ 'ਚ ਕਿੰਨਾ ਨਾਮ ਜਪ ਲੈਣਾ ਸੀ। ਖੱਟ ਲਿਆ ਕੁਛ ਤੁਸੀਂ ਸੌਂ ਕੇ। ਵਜ਼ਨ ਹੀ ਵਧਾਇਆ ਹੈ, ਮੋਟਾ ਹੋ ਜਾਂਦਾ ਬੰਦਾ ਜ਼ਿਆਦਾ ਸੌਂ-ਸੌਂ ਕੇ, ਉਮਰ ਲੈਂਦਾ ਹੈ ਘਟਾ। ਜੇ ਤਾਂ ਭਜਨ ਕਰੇ ਫੇਰ ਤਾਂ ਇਕ ਮਿੰਟ ਵਿਚ ਛੇ ਸਾਹ ਆਉਂਦੇ ਹੁੰਦੇ ਨੇ। ਜੇ ਬੈਠਾ ਹੈ ਸਾਧਾਰਨ ਫੇਰ ਬਾਰ੍ਹਾਂ ਆਉਂਦੇ ਨੇ। ਜੇ ਚਲਦੈ, ਤਾਂ 18 ਆਉਂਦੇ ਨੇ। ਜੇ ਸੌਂਦਾ ਹੈ ਤਾਂ 24 ਸਾਹ ਜਾਂਦੇ ਨੇ, ਦੁਗਣੇ ਚਲੇ ਗਏ। ਚਾਰ ਗੁਣਾਂ ਫਾਲਤੂ ਗਏ, ਭਜਨ ਨਾਲੋਂ, ਉਮਰ ਘਟਾ ਲਈ। ਜੇ ਵਿਸ਼ੇ-ਵਿਕਾਰਾਂ ਭੋਗਾਂ 'ਚ ਪੈਂਦਾ ਹੈ ਤਾਂ 64 ਸਾਹ ਜਾਂਦੇ ਨੇ। ਕਹਿੰਦੇ, ਮੈਂ ਤਾਂ ਮੂਰਖ ਕਿਹਾ ਕਿ ਤੁਹਾਡੀ ਕਿੱਡੀ ਰਾਸ ਘਟ ਗਈ। ਕਹਿੰਦਾ, ਕੋਈ ਗੱਲ ਨਹੀਂ ਮੈਨੂੰ ਗੁੱਸਾ ਨਹੀਂ ਹੈ। ਦੂਜੇ ਦਿਨ ਆਪਣੇ ਵੱਡੇ ਵਜ਼ੀਰ ਨੂੰ ਬੁਲਾਇਆ। ਕਹਿਣ ਲੱਗਿਆ, ਵਜ਼ੀਰ ਸਾਹਿਬ! ਇਕ ਮੈਂ ਗੱਲ ਦੇਖਣੀ ਚਾਹੁੰਦਾ ਹਾਂ ਕਿ ਮੇਰੇ ਰਾਜ ਵਿਚ ਕਿੰਨੇ ਕੁ ਮੂਰਖ ਨੇ। ਕਹਿੰਦੇ, ਮਹਾਰਾਜ! ਇਹ ਗੱਲ ਤੁਹਾਡੇ ਮੂੰਹ ਤੋਂ ਫਬਦੀ ਨਹੀਂ ਹੈ। ਕਹਿੰਦੇ, ਕਿਉਂ? ਕਹਿੰਦੇ, ਤੁਸੀਂ ਇਸ ਤਰ੍ਹਾਂ ਕਹੋ ਕਿ ਕਿੰਨੇ ਕੁ ਸਿਆਣੇ ਨੇ? ਉਹ ਤਾਂ ਅਸੀਂ ਟੋਲ੍ਹ ਸਕਦੇ ਹਾਂ, ਇਕ ਦੋ-ਚਾਰ-ਪੰਜ, ਆਹ ਮੂਰਖਾਂ ਦਾ ਸੰਸਾਰ ਭਰਿਆ ਪਿਆ ਹੈ, ਇਥੇ ਕੋਈ ਹੈ ਜਿਹੜਾ ਮੂਰਖ ਨਹੀਂ, ਸਾਰੇ ਮੂਰਖ ਨੇ। ਕਹਿੰਦਾ, ਸਭ ਨੂੰ ਬਲਾਣਾ (invite) ਕਰੋ। ਵੱਡਿਆਂ-ਵੱਡਿਆਂ ਨੂੰ ਕਰੋ, ਲਿਸਟਾਂ ਬਣਾ ਲਈਆਂ। ਪਟਵਾਰੀਆਂ ਤੋਂ ਪੁੱਛ ਲਿਆ ਕਿ ਕਿਨ੍ਹਾਂ-ਕਿਨ੍ਹਾਂ ਨੂੰ ਮੂਰਖ ਕਹਿੰਦੇ ਨੇ। ਸਾਰੇ ਇਕੱਠੇ ਕਰ ਲਏ, ਕਹਿੰਦਾ, ਲੈ ਬਈ, ਮੈਂ ਵੀ ਮੂਰਖ ਤੇ ਤੁਸੀਂ ਵੀ ਮੂਰਖ। ਮੰਨਦੇ ਹੋ ਨਾ ਆਪਾਂ ਮੂਰਖ ਹਾਂ ਕਿਉਂਕਿ ਰਾਜਾ ਨਾਲ ਰਲ ਗਿਆ ਕਿ ਹੁਣ ਸਾਨੂੰ ਕੋਈ ਖਾਸ ਵਿਹਾਰ (treatment) ਮਿਲੇਗਾ। ਕਹਿੰਦੇ ਆਪਾਂ, ਪ੍ਰੈਜ਼ੀਡੈਂਟ ਬਣਾਉਣਾ ਹੈ, ਆਹ ਮੇਰੀ ਖੂੰਡੀ ਹੈ ਸੋਨੇ ਦੇ ਮੁੱਠੇ ਵਾਲੀ। ਇਹ ਆਪਣੇ ਪ੍ਰੈਜ਼ੀਡੈਂਟ ਦੇ ਹੱਥ ਵਿਚ ਵਧੀਆ ਲੱਗੇਗੀ। ਤੁਸੀਂ ਇਸ ਤਰ੍ਹਾਂ ਕਰੋ, ਸਰਵੇ ਕਰੋ। ਸਰਵੇ ਹੋਣਾ ਸ਼ੁਰੂ ਹੋ ਗਿਆ ਤੇ ਪਿੰਡਾਂ-ਪਿੰਡਾਂ ਵਿਚ ਫਿਰਦੇ ਨੇ, ਨੱਠ ਕੇ ਲੋਕ ਆਉਂਦੇ ਨੇ ਕਿ ਮੈਂ ਵੀ ਮੂਰਖ ਹਾਂ, ਮੈਂ ਵੀ ਮੂਰਖ ਹਾਂ। ਮੈਨੂੰ ਮੇਰਾ ਬਾਪੂ ਮੂਰਖ ਕਹਿੰਦਾ ਸੀ। ਇਕ ਕਹਿੰਦਾ, ਮੇਰਾ ਭਰਾ ਮੈਨੂੰ ਮੂਰਖ ਕਹਿੰਦਾ ਸੀ। ਕੋਈ ਕਹਿੰਦਾ ਕਿ ਮੈਨੂੰ ਸਮਾਜ ਮੂਰਖ ਕਹਿੰਦਾ ਸੀ।

ਇਕ ਘਰ 'ਚ ਚਲੇ ਗਏ। ਉਥੇ ਪੁੱਛਿਆ ਕਿ ਤੁਹਾਡੇ ਘਰ 'ਚ ਹੈ ਕੋਈ ਮੂਰਖ? ਉਹ ਕਹਿੰਦੇ, ਅਸੀਂ ਤਾਂ ਸਾਰੇ ਹੀ ਹਾਂ। ਕਹਿੰਦੇ, ਤੁਸੀਂ ਸਾਰੇ ਕਿਵੇਂ ਹੋਂ? ਸਾਰੇ ਤਾਂ ਕਦੇ ਹੁੰਦੇ ਨਹੀਂ। ਕਹਿੰਦੇ, ਇਕ ਮਿਸਾਲ ਦੇ ਦਿੰਦੇ ਹਾਂ, ਬਹੁਤੀਆਂ ਕੀ ਦੇਣੀਆਂ

ਨੇ। ਸਾਡਾ ਇਕ ਰਿਸ਼ਤੇਦਾਰ ਮਰ ਗਿਆ, ਬਜ਼ੁਰਗ ਕਹਿੰਦਾ ਤੇ ਮੈਂ ਚਲਾਉਂਦਾ ਸੀ ਹਲ, ਨੇੜੇ ਦੀ ਰਿਸ਼ਤੇਦਾਰੀ ਸੀ, ਵੱਡੇ ਮੁੰਡੇ ਨੂੰ ਭੇਜ ਦਿਤਾ ਕਿ ਜਾਹ ਤੂੰ ਮਕਾਨ ਦੇ ਆਈਂ ਜਾ ਕੇ, ਰਿਸ਼ਤੇਦਾਰਾਂ ਦੇ ਮੂੰਹ ਲਗਣ ਜੋਗੇ ਨਹੀਂ ਰਹਿਣਾ, ਜੇ ਨਾ ਗਏ। ਕਹਿੰਦਾ, ਇਹ ਚਲਿਆ ਗਿਆ। ਜਦੋਂ ਵਾਪਸ ਆਇਆ ਤਾਂ ਮੈਂ ਪੁੱਛਿਆ, ਕਾਕਾ! ਪਰਚਾਉਣੀ ਕਰ ਆਇਆ? ਕਹਿੰਦਾ ਹਾਂ? ਕਹਿੰਦਾ, ਕੋਈ ਬਚਨ ਵੀ ਬੋਲਿਆ ਸੀ ਮੂੰਹ ਤੋਂ? ਕਹਿੰਦਾ, ਨਾ ਬਾਪੂ ਮੈਂ ਤਾਂ ਕੁਛ ਨਹੀਂ ਬੋਲਿਆ। ਚੁੱਪ ਕਰਕੇ ਬੈਠਾ ਰਿਹਾ ਘੁੱਗੂ ਬਣ ਕੇ? ਕਹਿੰਦਾ, ਹਾਂ। ਕੋਈ ਗੱਲ ਤਾਂ ਕਹਿਣੀ ਹੀ ਸੀ, ਕਹਿੰਦਾ, ਮੈਂ ਕਹੀ ਹੀ ਨਹੀਂ। ਕਹਿੰਦਾ, ਬੜਾ ਮੂਰਖ ਹੈਂ ਤੂੰ ਤਾਂ। ਛੋਟਾ ਮੁੰਡਾ ਕੋਲ ਸੀ, ਕਹਿੰਦਾ, ਕਾਕਾ ਤੂੰ ਜਾਹ। ਕਹਿੰਦਾ, ਬਾਪੂ ਮੈਂ ਤਾਂ ਕਦੇ ਮਕਾਣ ਗਿਆ ਨਹੀਂ। ਮੈਂ ਉਥੇ ਕੀ ਕਹਾਂਗਾ? ਕਹਿੰਦਾ ਕਿ ਇਹ ਕਿਹੜਾ ਕਿਤਾਬਾਂ 'ਚ ਲਿਖਿਆ ਹੁੰਦੈ? ਜਿਹੜਾ ਕੁਛ ਲੋਕ ਕਹਿੰਦੇ ਨੇ, ਉਹ ਕੁਛ ਤੂੰ ਕਹਿ ਦੇਈਂ। ਰਲਵੀਂ ਮਿਲਵੀਂ ਗੱਲ ਹੁੰਦੀ ਹੈ ਸਭ ਦੀ ਕਿ ਬੜਾ ਚੰਗਾ ਸੀ, ਬਹੁਤ ਵਧੀਆ ਸੀ, ਇਸ ਤਰ੍ਹਾਂ ਹੀ ਕਹਿੰਦੇ ਹਾਂ, ਅਸੀਂ ਜਾਣੀਏ ਨਾ ਪਛਾਣੀਏ ਨਾ। ਸਭ ਸਿਰੇ ਲਾ ਦੇਵਾਂਗੇ ਇਕ ਵਾਰੀ।

ਉਥੇ ਚਲਿਆ ਗਿਆ, ਕੁਦਰਤੀ ਉਥੇ ਉਨ੍ਹਾਂ ਦੇ ਦੁਸ਼ਮਣ ਬਾਹਰ ਖੜ੍ਹੇ ਸੀ। ਗੱਲਾਂ ਕਰਦੇ ਸੀ। ਕਹਿੰਦੇ, ਚੰਗਾ ਹੋਇਆ ਇਹਦਾ ਫਾਹਾ ਵੱਢ ਹੋਇਆ, ਇਹਨੇ ਦੁਨੀਆਂ ਤੰਗ ਕਰ ਛੱਡੀ ਸੀ। ਹੁਣ ਸਵਾਦ ਆਏਗਾ ਇਹਨਾਂ ਨੂੰ, ਹੁਣ ਜਦੋਂ ਦਰ-ਦਰ ਵਿਲਕਦੇ ਫਿਰਨਗੇ, ਫੇਰ ਪਤਾ ਲੱਗੂ। ਇਹੀ ਸੀ ਇਹਨਾਂ ਵਿਚ ਜਿਹੜਾ ਬਹੁਤਾ ਸੀ ਆਕੜਿਆ ਹੋਇਆ। ਗੱਲ ਕੰਠ ਕਰ ਲਈ, ਕੁਛ ਨਾਲ ਹੋਰ ਰਲਾ ਲਈਆਂ, ਉਥੇ ਜਾਂਦਾ ਹੀ ਪੰਜ-ਸੱਤ ਮਕਾਣਾਂ ਬੈਠੀਆਂ ਸੀ। ਕਹਿੰਦੇ, ਲਓ ਬਈ ਭਰਾਵੋ ਮੈਨੂੰ ਬੋਲ ਲੈਣ ਦਿਓ ਪਹਿਲਾਂ। ਕਹਿੰਦੇ, ਇਹ ਬੜਾ ਮਾੜਾ ਬੰਦਾ ਸੀ, ਕਹਿੰਦਾ, ਬਹੁਤ ਵਧੀਆ ਹੋਇਆ ਇਹਦਾ ਫਾਹਾ ਵੱਢ ਹੋਇਆ। ਕਹਿੰਦਾ, ਹੁਣ ਇਹਨਾਂ ਦੇ ਘਰਦਿਆਂ ਨੂੰ ਪਤਾ ਲੱਗੂ ਜਦੋਂ ਦਰ-ਦਰ 'ਤੇ ਰੁਲਦੇ ਫਿਰਨਗੇ। ਹੁਣ ਸਵਾਦ ਆਇਆ, ਮੈਨੂੰ ਬੜੀ ਖੁਸ਼ੀ ਹੋਈ ਹੈ। ਜਦੋਂ ਇਹਨੇ ਐਨੀ ਗੱਲ ਕਹੀ ਉਹਨਾਂ ਨੇ ਕੁੱਟਿਆ ਫੜ ਕੇ। ਕੁੱਟ ਖਾ ਕੇ ਆ ਗਿਆ, ਬਾਪੂ ਕੋਲ। ਮੂੰਹ ਬੰਨ੍ਹੀ ਆਵੇ। ਕਹਿੰਦਾ, ਤੂੰ ਮੂੰਹ ਬੰਨ੍ਹੀ ਆਉਂਦੈ? ਕਹਿੰਦਾ, ਮੈਨੂੰ ਤਾਂ ਮਾਰਿਆ ਉਹਨਾਂ ਨੇ। ਕਹਿੰਦੇ ਕਿਉਂ ਮਾਰਿਆ? ਕੀ ਕਿਹਾ ਸੀ, ਜਦੋਂ ਦੱਸਿਆ ਤਾਂ ਕਹਿੰਦਾ, ਤੂੰ ਇਹਦੇ ਨਾਲੋਂ ਵੀ ਮੂਰਖ ਹੈਂ। ਮੈਨੂੰ ਹੀ ਜਾਣਾ ਪਿਆ। ਉਥੇ ਹੀ ਹਲ ਛੱਡ ਕੇ, ਉਵੇਂ ਜਿਵੇਂ ਹੀ ਪੈਰ ਲਿਬੜੇ ਹੋਏ ਨੇ, ਲੱਤਾਂ ਦੇ ਉਤੇ ਗਰਦ ਪਈ ਹੋਈ ਹੈ। ਨੱਠਿਆ ਹੀ ਜਾਂਦਾ ਹੈ ਕਿ ਕਿਤੇ ਮਕਾਣਾਂ ਚਲੀਆਂ ਨਾ ਜਾਣ। ਜਾ ਕੇ ਹੁਣੇ ਸਪੱਸ਼ਟੀਕਰਨ ਦੇ ਦੇਵਾਂ। ਉਥੇ ਪਹੁੰਚ ਗਿਆ, ਅਜੇ ਉਵੇਂ ਜਿਵੇਂ ਹੀ ਬੈਠੇ ਸੀ ਸਾਰੇ। ਕਹਿੰਦਾ, ਲਓ ਬਈ ਭਰਾਵੋ, ਗਲ 'ਚ ਪੱਲਾ ਪਾ ਲਿਆ, ਦੋਵੇਂ ਹੱਥ ਜੋੜ ਲਏ। ਕਹਿੰਦਾ, ਪਹਿਲਾਂ ਮੁੰਡਾ ਭੇਜਿਆ ਸੀ ਉਹਨੇ ਕੁਛ ਨਹੀਂ ਸੀ ਕਿਹਾ। ਮੂਰਖ ਨੇ। ਦੂਜਾ ਭੇਜਿਆ ਉਹ ਤਾਂ ਮਹਾਂ ਮੂਰਖ ਸੀ। ਤੁਸੀਂ ਚੰਗਾ ਹੋਇਆ ਉਹਦੀ ਮੁਰੰਮਤ ਕਰ ਦਿਤੀ। ਹੁਣ ਮੈਂ ਆਇਆ ਹਾਂ, ਹੁਣ ਤਾਂ ਦਿਓ ਮਾਫ਼ੀ, ਜਦੋਂ ਤੁਹਾਡਾ ਕੋਈ ਹੋਰ ਮਰੂਗਾ, ਮੈਂ ਹੀ ਆਇਆ ਕਰਾਂਗਾ।

ਉਹ ਕਹਿੰਦੇ, ਤੁਸੀਂ ਤਾਂ ਸੱਚੀਓਂ ਮੂਰਖ ਹੋਂ ਸਾਰੇ। ਨਾਉਂ ਲਿਖ ਲਿਆ। ਸਰਵੇ ਕਰਕੇ ਰਾਜੇ ਕੋਲ ਲਿਸਟ ਲੈ ਗਏ। ਉਧਰ ਰਾਜਾ ਹੋ ਗਿਆ ਬਿਮਾਰ, ਬਿਮਾਰ ਹੋਇਆ ਕਹਿੰਦੇ, ਮਹਾਰਾਜ! ਹੋਰ ਤਾਂ ਇੰਟਰਵਿਊ ਹੋ ਗਈ। ਤੁਹਾਡੀ ਹੀ ਕਰਨ ਵਾਲੀ ਰਹਿ ਗਈ। ਸੁਨੇਹਾ ਭੇਜਿਆ, ਕਹਿੰਦਾ, ਮੈਂ ਤਾਂ ਜਾਣ ਵਾਲਾ ਬੈਠਾ ਹਾਂ, ਛੇਤੀ ਕਰੋ। ਆ ਗਏ, ਕਹਿੰਦੇ ਮਹਾਰਾਜ! ਤੁਹਾਡੀ ਇੰਟਰਵਿਊ ਲੈਣੀ ਹੈ। ਕਹਿੰਦਾ, ਮੈਂ ਤਾਂ ਜਾ ਰਿਹਾ ਹਾਂ। ਕਹਿੰਦੇ, ਕਿੱਥੇ ਜਾ ਰਿਹਾ ਹੈਂ? ਕਹਿੰਦਾ, ਇਹ ਤਾਂ ਮੈਨੂੰ ਪਤਾ ਨਹੀਂ। ਕਹਿੰਦੇ, ਤੁਹਾਡੇ ਨਾਲ ਕੌਣ ਜਾ ਰਿਹਾ ਹੈ? ਰਾਣੀਆਂ ਜਾ ਰਹੀਆਂ ਨੇ? ਕਹਿੰਦੇ, ਨਹੀਂ ਕੋਈ ਨਹੀਂ ਜਾ ਰਿਹਾ। ਕਹਿੰਦੇ, ਤੁਹਾਡੀ ਅੰਗਰੱਖਿਅਕ ਜਾ ਰਹੇ ਨੇ? ਕਹਿੰਦੇ, ਨਹੀਂ। ਕਹਿੰਦੇ, ਤੁਹਾਡਾ ਪ੍ਰਾਈਵੇਟ ਸੈਕਟਰੀ ਜਾ ਰਿਹੈ? ਕੋਈ ਮਨਿਸਟਰ? ਕਹਿੰਦਾ, ਕੋਈ ਨਹੀਂ ਜਾ ਰਿਹਾ। ਮਹਾਰਾਜ! ਫੇਰ ਖਜ਼ਾਨੇ ਤੁਹਾਡੇ ਨਾਲ ਜਾਂਦੇ ਹੋਣਗੇ? ਕਹਿੰਦਾ, ਉਹ ਵੀ ਨਹੀਂ ਜਾਣਾ। ਫੇਰ ਆਹ ਵਸਤਰ ਜਾਂਦੇ ਹੋਣੇ ਨੇ, ਜਿਹੜੇ ਬੇਅੰਤ ਹੀ ਸਵਾ ਕੇ ਰੱਖੇ ਹੋਏ ਨੇ। ਕਹਿੰਦੇ, ਇਹ ਵੀ ਕੁਝ ਨਹੀਂ ਜਾਣਾ। ਕਹਿੰਦੇ, ਵਧੀਆ ਘੋੜੇ ਨਾਲ ਜਾਣਗੇ ਤੁਹਾਡੇ? ਕਹਿੰਦਾ, ਕੁਛ ਨਹੀਂ ਜਾਣਾ, ਮੇਰਾ ਤਾਂ ਸਰੀਰ ਵੀ ਇਥੇ ਰਹਿ ਜਾਣਾ ਹੈ। ਕਹਿੰਦੇ, ਫੇਰ ਮਹਾਰਾਜ! ਆਹ ਖੂੰਡੀ ਤੂੰ ਹੀ ਸਾਂਭ। ਜਦੋਂ ਕੁਛ

ਵੀ ਨਹੀਂ ਜਾਣਾ, ਫੇਰ ਆਹ ਸਾਰੀ ਜ਼ਿੰਦਗੀ ਖਪਿਆ ਕਿਉਂ ਹੈਂ ਇਹਦੇ ਵਾਸਤੇ। ਕਿੰਨੀਆਂ ਲੜਾਈਆਂ ਕਰੀਆਂ, ਕਿੰਨਾ ਸਮਾਨ ਲੁੱਟ ਕੇ ਲਿਆਇਆ ਹੈਂ। ਦੁਨੀਆਂ ਕਿੰਨੀ ਦੁਖੀ ਹੋਈ ਹੈ। ਜੇ ਤੇਰੇ ਨਾਲ ਨਹੀਂ ਸੀ ਜਾਣਾ, ਫੇਰ ਤੂੰ ਇਹ ਗੱਲ ਕੀ ਕਰੀ? ਤੂੰ ਹੀ ਵੱਡਾ ਮੂਰਖ ਹੈਂ।

ਮਹਾਰਾਜ ਕਹਿੰਦੇ, ਨਹੀਂ ਇਹਨਾਂ ਦੀ ਚੋਣ ਗਲਤ ਹੈ। ਇਹ ਮੂਰਖ ਨਹੀਂ ਹੈ?

ਸੱਚੇ ਪਾਤਸ਼ਾਹ! ਫੇਰ ਸਾਨੂੰ ਵੀ ਸਮਝਾ ਦਿਓ। ਖਬਰੇ ਅਸੀਂ ਵੀ ਮੂਰਖਾਂ ਦੇ ਵਿਚ ਹੀ ਆ ਜਾਈਏ। ਜਿਹੜੇ ਸਿਆਣੇ ਬਣੇ ਫਿਰਦੇ ਹਾਂ। ਤੁਸੀਂ ਦੱਸੋ ਮੂਰਖ ਕੌਣ ਹੁੰਦੈ? ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮੂਰਖਾਂ ਸਿਰ ਮੂਰਖ ਹੈ,*
*ਜੇ ਮੰਨੈ ਨਾਹੀ ਨਾਉਂ।*

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥*

*ਅੰਗ– ੧੦੧੫*

ਸ਼੍ਰੋਮਣੀ ਮੂਰਖ ਹੈ ਜੇ ਨਾਮ ਨਹੀਂ ਜਪਦਾ। ਬਾਕੀ ਜਿਹੜੇ ਨੇ, ਸ਼੍ਰੋਮਣੀ ਨਹੀਂ ਹੈ –

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ – ੧੪੦*

ਫੇਰ ਨਾਮ ਕੀ ਹੋਇਆ? ਜਿਹਨੂੰ ਅਸੀਂ ਮੰਨਦੇ ਨਹੀਂ ਹਾਂ। ਮਹਾਰਾਜ ਕਹਿੰਦੇ, ਨਾਮ ਸਾਰੇ ਪ੍ਰੀਪੂਰਨ ਹੈ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ– ੨੮੪*

ਤੇਰੇ ਸਰੀਰ ਦੇ ਜਿੰਨੇ ਕਣ ਨੇ, ਦੋ ਖਰਬ ਪੰਦਰਾਂ ਬਿਲੀਅਨ ਸੈੱਲ ਜਿਹੜੇ ਨੇ, ਉਹ ਸਾਰੇ ਨਾਮ ਨੇ ਧਾਰਨ ਕਰਕੇ, ਉਹਨਾਂ ਨੂੰ ਕਾਇਮ ਰੱਖਿਆ ਹੋਇਆ ਹੈ। ਉਹ ਜਿਹੜੀ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।*
*ਨਾ ਘਾਟ ਹੈ ਬਾਢ ਹੈ ਨ ਬਾਢ ਘਾਟ ਹੋਤ ਹੈ।*

*ਅਕਾਲ ਉਸਤਤਿ*

ਉਹਦੇ ਉਤੇ ਵਿਸ਼ਵਾਸ਼ ਲਿਆ, ਉਹਨੂੰ ਮੰਨ ਹਿਰਦੇ ਦੇ ਅੰਦਰ। ਜਦੋਂ ਮੰਨ ਲਏਂਗਾ, ਫੇਰ ਤੇਰੇ 24 ਘੰਟੇ ਯਾਦ ਰਹੇਗਾ। ਸੋ ਕਹਿੰਦੇ ਜਿਹੜਾ ਇਹ ਨਹੀਂ ਕਰਦਾ, ਉਹ ਫੇਰ ਪ੍ਰੈਜ਼ੀਡੈਂਟ ਹੈ ਮੂਰਖਾਂ ਦਾ।

ਫੇਰ ਤਾਂ ਮਹਾਰਾਜ! ਸਾਰੀ ਦੁਨੀਆਂ ਹੀ ਪ੍ਰੈਜ਼ੀਡੈਂਟ ਹੋਈ? ਵਾਈਸ ਪ੍ਰੈਜ਼ੀਡੈਂਟ ਕਿਹੜਾ ਇਥੇ ਹੋਏਗਾ?

ਕੋਈ ਵੀ ਨਹੀ, ਸਾਰੇ ਮੂਰਖਾਂ ਦੇ ਪ੍ਰੈਜ਼ੀਡੈਂਟ ਹੀ ਨੇ।

ਸੋ ਇਸ ਤਰ੍ਹਾਂ ਦੇ ਨਾਲ ਕਿਉਂ ਮੂਰਖ ਹੈ? 84 ਲੱਖ ਜੂਨਾਂ ਘੁੰਮ ਕੇ ਪਤਾ ਨਹੀਂ ਕਿੰਨੇ ਚੱਕਰ ਖਾਧੇ ਨੇ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*

*ਅੰਗ – ੬੩੧*

ਬਹੁਤ ਜੁਗਾਂ ਤੋਂ ਬਾਅਦ ਤੈਨੂੰ ਇਹ ਦੇਹੀ ਮਿਲੀ ਹੈ। ਫੇਰ ਤੂੰ ਕਿਉਂ ਨਹੀਂ ਤਰੱਦਦ ਕਰਦਾ? ਕਿਉਂ ਉਸ ਗੱਲ ਦੇ ਵਲ ਨਹੀਂ ਜਾਂਦਾ? ਫੇਰ ਮੂਰਖ ਹੀ ਹੋਇਆ, ਹੋਰ ਕੀ ਹੋਇਆ? –

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*

*ਅੰਗ– ੨੨੬*

ਸੋ ਮਹਾਰਾਜ ਕਹਿੰਦੇ, ਫੇਰ ਤੂੰ ਵਪਾਰ ਕਰ ਲੈ ਪ੍ਰਮੇਸ਼ਰ ਦੇ ਨਾਮ ਦਾ। ਤੂੰ ਆਇਆ ਸੀ ਵਪਾਰ ਕਰਨ ਵਾਸਤੇ, ਵਣਜਾਰਿਆ ਤੂੰ ਵਿਛੜ ਗਿਆ। ਇਸ ਤਰ੍ਹਾਂ ਪੜ੍ਹੋ ਲਓ –

*ਧਾਰਨਾ – ਸ਼ਾਹੋਂ ਵਿਛੜਿਆ, ਵਣਜਾਰਾ,*
*ਮੋਹ ਲਿਆ ਮਾਇਆ ਮੋਹਣੀ ਨੇ।*

ਸੋ ਇਸ ਵਣਜਾਰੇ ਨੇ ਨਾਮ ਜਪਣਾ ਸੀ, ਬੰਦਗੀ ਕਰਨੀ ਸੀ। ਨੇਕ ਕੰਮ ਕਰਨੇ, ਫੇਰ ਸਾਰਿਆਂ ਨਾਲੋਂ ਵੱਡਾ ਆਪਣੇ ਸਰੂਪ ਨੂੰ ਪਛਾਨਣਾ ਸੀ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*ਅੰਗ – ੪੪੧*

ਸੋ ਵਣਜਾਰਾ ਆਇਆ ਤਾਂ ਇਹ ਕੰਮ ਕਰਨ ਵਾਸਤੇ ਸੀ, ਲੁੱਟ ਕੇ ਇਥੋਂ ਖਾਲੀ ਹੱਥੀਂ ਰੋਂਦਾ ਕੁਰਲਾਉਂਦਾ ਚਲਿਆ ਗਿਆ। ਸੋ ਇਹ ਸਾਡਾ ਹਾਲ ਹੈ ਸਾਧਸੰਗਤ ਜੀ। ਜਿੰਨੀ ਛੇਤੀ ਸਮਝ ਜਾਵਾਂਗੇ, ਓਨੀਂ ਛੇਤੀ ਸਾਡਾ ਭਲਾ ਹੈ –

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ– ੨੨੬*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤ ਕਰਦੇ ਹਾਂ।

*ਅਨੰਦੁ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

# ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-32)***

ਸੁੱਤਾ ਹੀ ਜੀਵਨ ਦਰ ਜੀਵਨ, ਜੀਵਨ ਦਰ ਜੀਵਨ, ਸੁੱਤਾ ਪਿਆ ਕੱਟੀ ਜਾਂਦਾ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ- ੨੬੮*

ਇਕ ਜਨਮ ਨਹੀਂ, ਕਈ ਜਨਮ ਸੁਪਨੇ 'ਚ ਹੀ ਕੱਟਦਾ ਤੁਰੀ ਜਾਂਦਾ ਹੈ। ਆਪਾਂ ਸਾਰੇ ਸੁਪਨੇ 'ਚ ਤੁਰੇ ਫਿਰਦੇ ਹਾਂ। ਮਹਾਰਾਜ ਕਹਿੰਦੇ, ਮੂਰਖ ਹੈ-

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਆਰਜਾ ਗਈ ਵਿਹਾਇ ਧੰਧੈ ਧਾਇਆ ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥*

*ਅੰਗ- ੭੦੭*

ਮਹਾਰਾਜ ਕਹਿਣ ਲੱਗੇ, ਯੋਗੀਰਾਜ! ਜਿਹੋ ਜਿਹਾ ਰਾਤ ਦਾ ਸੁਪਨਾ ਹੈ, ਉਹੋ ਜਿਹਾ ਇਹ ਸੁਪਨਾ ਹੈ। ਇਹ ਜਾਗ੍ਰਤ ਦੀ ਅਵਸਥਾ ਨਹੀਂ ਹੈ, ਚੌਥਾ ਪਦ ਨਹੀਂ ਹੈ। ਤਿੰਨ ਅਵਸਥਾ ਨੇ, ਇਕ ਘੂਕ ਨੀਂਦ ਹੈ, ਇਕ ਸੁਪਨੇ ਦੀ ਹੈ, ਇਕ ਜਿਹਨੂੰ ਜਾਗ੍ਰਤ ਕਹਿੰਦੇ ਨੇ, ਇਹ ਵੀ ਸੁਪਨਾ ਹੀ ਹੈ। ਸੰਸਾਰ ਇਸ ਤਰ੍ਹਾਂ ਲਗਦਾ ਹੈ। ਪਰ ਦੋਵੇਂ ਸਤਿ ਨਹੀਂ ਹਨ। ਇਸ ਕਰਕੇ ਗਿਆਨਵਾਨ ਪੁਰਸ਼ ਇਸ ਨੂੰ ਝੂਠਾ ਕਹਿੰਦੇ ਨੇ। ਦੂਜਾ ਹੈ ਆਤਮਾ ਬਹੁ-ਰੂਪੀ ਕਿਉਂ ਹੋ ਗਈ? ਆਤਮਾ ਇਕੋ ਹੀ ਹੈ, ਧਰਤੀ ਇਕੋ ਹੀ ਹੈ ਇਹਦੇ 'ਚੋਂ ਬੇਅੰਤ ਬਨਸਪਤੀ ਹਰੀ ਹੋ ਰਹੀ ਹੈ, 24 ਲੱਖ ਕਿਸਮ ਦੀਆਂ ਜੜ੍ਹੀਆਂ ਬੂਟੀਆਂ, ਦਰਖ਼ਤ, ਫਸਲਾਂ ਧਰਤੀ ਦੇ ਉਤੇ ਨੇ। ਲੇਕਿਨ ਹੈਗੇ ਧਰਤੀ ਦਾ ਰੂਪ, ਧਰਤੀ 'ਚੋਂ ਪੈਦਾ ਹੋਏ ਨੇ। ਇਸੇ ਤਰ੍ਹਾਂ ਜਿਹੜਾ ਆਤਮਾ ਹੈ, ਆਤਮ ਸ਼ਕਤੀ ਦੇ ਨਾਲ ਸੰਸਾਰ, ਦੇਖਣ ਨੂੰ ਵੱਖਰਾ-ਵੱਖਰਾ ਨਜ਼ਰ ਆਉਂਦਾ ਹੈ ਪਰ ਹੈ ਇਹ ਇਕੋ ਹੀ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਤੇਰੀ ਹੋਤਿ ॥ ੧੯ ॥* *ਅੰਗ- ੩੧੦*

ਇਹ ਇਕੋ ਹੀ ਹੈਗਾ, ਦੋ ਨਹੀਂ ਹੈਗਾ। ਦ੍ਰਿਸ਼ਟੀ ਦੇ ਫਰਕ ਕਰਕੇ ਦੋ ਨਜ਼ਰ ਆਉਂਦੇ ਨੇ। ਆਤਮਾ ਇਕੋ ਹੀ ਹੈ। ਆਪਣੇ ਆਪ ਵਿਚ ਆਪੇ ਹੀ ਵਿਗਸੀ ਹੋਈ ਆਤਮਾ ਹੈ। ਇਹ ਬਹੁ-ਰੂਪਾਂ 'ਚ ਨਹੀਂ ਪਈ ਹੋਈ ਹੈਗੀ। ਜੀਵ ਜਿਹੜਾ ਇਹਦੇ ਵਿਚ ਜਿਹੜਾ ਹੈ ਉਹ ਆਤਮ ਸੱਤਾ ਦੇ ਨਾਲ, ਜਿਹੜੀ ਆਦਮੀ ਦੇ ਅੰਦਰ consciousness (ਚੇਤਨਾ) ਹੈ, ਜੋਤ ਹੈ, ਹੋਸ਼ ਹੈ, ਇਸ ਹੋਸ਼ ਦੇ ਵਿਚ ਇਕ ਬੜਾ ਭਾਰੀ ਨੁਕਸ ਹੈ। ਇਹ ਇਕ ਦਮ ਆਪਣਾ ਚੌਗਿਰਦਾ ਘੇਰ ਲੈਂਦੀ ਹੈ। ਬਣਦੀ ਕੀ ਹੈ? ਫਲਾਣਾ ਸਿੰਘ, ਫਲਾਣਾ ਮਾਮਾ, ਫਲਾਣਾ ਭਰਾ, ਪਤਾ ਨਹੀਂ ਕੀ-ਕੀ ਇਹਦੇ ਨਾਲ ਲਗ ਜਾਂਦੇ ਨੇ। ਇਹ ਬੰਦਿਆਂ ਦੀ ਬਾਤ ਮੈਂ ਕਰਦਾ ਹਾਂ। ਇਹ ਆਪਣੇ ਆਪ ਨੂੰ ਵੱਖਰਾ ਕਰ ਲੈਂਦੀ ਹੈ 100%, ਗੁਰੂ ਜ਼ੋਰ ਲਾਈ ਜਾਵੇ, ਅਵਾਜ਼ਾਂ ਦੇਈ ਜਾਵੇ, ਨਹੀਂ ਸੁਣਨੀ। ਕਹਿੰਦੇ, ਗੁਰੂ ਜੀ ਇਹ ਤਾਂ ਗੱਲ ਹੀ ਨਹੀਂ, ਮੈਂ ਤਾਂ ਮੈਂ ਹੀ ਹਾਂ। ਕੌਣ ਹੈਂ ਤੂੰ? ਕਹਿੰਦਾ, ਮੈਂ। ਕਹਿੰਦੇ, ਤੂੰ ਹੈ ਨਹੀਂ। ਕਹਿੰਦਾ ਹੈ ਕਿ ਮੈਂ ਤਾਂ ਤੇਰੇ ਸਾਮ੍ਹਣੇ ਖੜ੍ਹਾ ਹਾਂ। ਤੁਸੀਂ ਕਹਿੰਦੇ ਹੋਂ ਹੈ ਨਹੀਂ। ਹੁਣ ਇਹ ਜਿਹੜੀ ਚੀਜ਼ ਹੈ ਇਹਨੇ ਵਖਰੇਵਾਂ ਪੈਦਾ ਕਰ ਦਿਤਾ। ਇਹ ਵੱਖਰਾ-ਵੱਖਰਾ ਹੋ ਗਿਆ। ਸੁਪਨੇ ਦੇ ਅੰਦਰ ਇਹਨੂੰ ਅਧਿਆਸ ਪੱਕ

ਗਿਆ। ਬਾਰ-ਬਾਰ ਜੰਮਦੈ, ਬਾਰ-ਬਾਰ ਮਰਦੈ। ਅਧਿਆਸ ਪੱਕਿਆ ਹੋਇਐ, ਮੈਂ ਬਣਿਆ ਹੋਇਐ, ਮੈਂ ਮੰਨਣ ਦੀ ਹੀ ਜਿਹੜੀ ਸਜ਼ਾ ਮਿਲਦੀ ਹੈ, ਉਹ ਇਹੀ ਸਜ਼ਾ ਹੈ -

*ਧਾਰਨਾ - ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆ ਹੋਇਆ।*

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ- ੪੬੬*

ਜੰਮਣਾ-ਮਰਨਾ ਇਹਦੇ ਗਲ ਤੋਂ ਨਹੀਂ ਲਹਿ ਸਕਦਾ। ਜਦੋਂ ਤਕ ਇਹਦੇ ਵਿਚੋਂ ਦਵੈਤ ਭਾਵ, ਆਪਣਾ ਜਿਹੜਾ ਮੈਂ ਸਮਝੀ ਬੈਠਾ ਹੈ, ਇਹ ਖਤਮ ਨਹੀਂ ਹੁੰਦੀ। ਬਾਕੀ ਇਹ ਉਪਦੇਸ਼ ਸਾਨੂੰ ਤਾਂ ਹੋਰ ਤਰ੍ਹਾਂ ਦੇ ਨਾਲ ਲਗਦੇ ਨੇ ਕਿ ਤੂੰ ਇਥੇ ਕਰ ਲੈ, ਹੁਣ ਤੁਰ ਜਾਏਂਗਾ, ਫੇਰ ਤੇਰਾ ਆਉਣਾ-ਜਾਣਾ ਘਟ ਜਾਏਗਾ। ਗੁਰੂ ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਕਿਤੇ ਤਾਂ ਤੁਸੀਂ ਜਗਤ ਨੂੰ ਮਿਥਿਆ ਕਹਿੰਦੇ ਹੋਂ। ਕਿਤੇ ਤੁਸੀਂ ਜਗਤ ਦੀ ਮਰਿਯਾਦਾ ਦਸਦੇ ਹੋਂ ਕਿ ਇਸ ਤਰ੍ਹਾਂ ਕਰਿਆ ਕਰੋ। ਨਾਮ ਜਪਿਆ ਕਰੋ।

ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਇਕ ਵੈਦ ਦੇ ਪਾਸ ਬਿਮਾਰ ਆਉਂਦੈ। ਉਹ ਵੈਦ ਦੇਖਦੈ ਪਹਿਲਾਂ ਕਿ ਇਹਦੇ ਵਿਚ ਕਿਹੜਾ ਤੱਤ ਵਧਿਆ ਹੈ। ਕਫ਼ ਜ਼ਿਆਦਾ ਹੈ, ਬਾਇ ਜ਼ਿਆਦਾ ਹੈ ਜਾਂ ਗਰਮੀ ਜ਼ਿਆਦਾ ਹੈ। ਪਿੱਤ ਜ਼ਿਆਦਾ ਹੈ। ਉਹਦੇ ਮੁਤਾਬਿਕ ਉਹ ਦਵਾਈ ਦਿੰਦਾ ਹੈ। ਸਾਰੇ ਬੰਦੇ ਉੱਚੇ ਉਪਦੇਸ਼ ਦੇ ਅਧਿਕਾਰੀ ਨਹੀਂ ਹੋਇਆ ਕਰਦੇ। ਜਿਹੜਾ ਪਾਪ ਕਰਮਾਂ 'ਚ ਫਸਿਆ ਹੋਇਆ ਹੈ, ਜਿਹੜਾ ਉਪਦੇਸ ਉਹਨੂੰ ਦਿਤਾ ਜਾਂਦਾ ਹੈ ਉਹਦੇ ਵਾਸਤੇ 100% ਸਤਿ ਹੈ ਉਹਨੂੰ ਡਰਾਇਆ ਜਾਂਦਾ ਹੈ। ਉਹਨੂੰ ਭਿਆਨਕ ਬਾਣੀ ਕਹਿੰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*

*ਅੰਗ- ੩੧੫*

ਪਾਪੀ ਨੂੰ ਇਹ ਗੱਲ ਬਿਲਕੁਲ ਸਤਿ ਹੈ ਇਹ ਜਿਹੜਾ ਉਪਦੇਸ਼ ਹੈ, ਉਹਨੂੰ ਇਹੀ ਉਪਦੇਸ਼ ਫਲੀਭੂਤ ਹੁੰਦੈ, ਬ੍ਰਹਮਗਿਆਨ ਦਾ ਨਹੀਂ ਹੁੰਦਾ। ਇਸ ਕਰਕੇ ਉਹਦਾ ਇਲਾਜ ਇਸੇ ਦਵਾਈ ਨਾਲ ਹੋਣਾ ਹੈ। ਭਿਆਨਕ ਦਵਾਈ ਨਾਲ। ਰੌਚਕ ਹੈ ਬਾਣੀ। ਰੌਚਕ ਬਚਨ ਜਿਹੜੇ ਨੇ, ਜਿਹੜੇ ਉੱਪਰ ਨਹੀਂ ਗਏ, ਹੇਠੋਂ ਹਟ ਗਏ, ਉਨ੍ਹਾਂ ਵਾਸਤੇ -

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਅੰਗ- ੨੬੨*

ਇਹ ਸਾਰਾ ਜਿੰਨਾਂ concesstion ਹੈ, ਇਹ in-between ਜਿਹੜਾ ਜਗਿਆਸੂ ਹੈ, ਉਹਦੇ ਵਾਸਤੇ ਹੈ। ਉਹਦੇ ਵਾਸਤੇ ਬਿਲਕੁਲ ਸਤਿ ਹੈ। ਉਸੇ ਤਰ੍ਹਾਂ ਦਾ ਵਰਤਾਰਾ ਹੋਏਗਾ, ਉਸੇ ਤਰ੍ਹਾਂ ਦੀਆਂ ਗੱਲਾਂ ਹੋਣਗੀਆਂ। ਲੇਕਿਨ ਜਿਹੜਾ ਯਥਾਰਥ ਗਿਆਨ ਹੈ, ਜਿਹਦਾ ਮਲ ਤੇ ਵਿਖਸ਼ੇਪ ਦੋਸ਼ ਦੂਰ ਹੋ ਗਿਆ। ਸਿਰਫ ਇਕ ਪੜਦਾ ਰਹਿ ਗਿਆ। ਉਹਦੇ ਵਾਸਤੇ ਜਿਹੜਾ ਉਪਦੇਸ਼ ਹੁੰਦਾ ਹੈ, ਉਹ ਉੱਚਾ ਉਪਦੇਸ਼ ਹੁੰਦੈ। ਜਿਹਦੇ ਵਿਚ ਉਹਨੂੰ ਉਹਦੇ ਸਰੂਪ ਦੀ ਗਿਆਤ ਕਰਾ ਕੇ, ਦ੍ਰਿੜ੍ਹ ਕਰਾ ਕੇ, ਆਤਮ ਸਾਖਸ਼ਾਤ ਕਰਾਇਆ ਜਾਂਦਾ ਹੈ ਤੇ ਉਹੀ ਜਿਹੜਾ ਹੈ ਰੱਬ ਬਣ ਜਾਂਦਾ ਹੈ। ਰੱਬ ਤੋਂ ਅਲਹਿਦਾ ਨਹੀਂ ਰਹਿੰਦਾ।

ਸੋ ਕਹਿਣ ਲੱਗੇ, ਸਾਧਸੰਗਤ ਜੀ! ਜਿਹੋ ਜਿਹਾ ਬਿਮਾਰ ਉਹੋ ਜਿਹੀ ਦਵਾਈ। ਜਿਹੋ ਜਿਹੀ ਜੀਵ ਦੀ ਸਥਿਤੀ ਉਹੋ ਜਿਹਾ ਉਪਦੇਸ਼। ਸਾਰਿਆਂ ਨੂੰ ਇਕ ਉਪਦੇਸ਼ ਨਹੀਂ ਹੁੰਦਾ। ਉਨ੍ਹਾਂ ਵਾਸਤੇ ਹੋਰ ਨੇ। ਅਸੂਲ ਬਣੇ ਹੋਏ ਨੇ। ਕਰਮ, ਧਰਮ ਬਣੇ ਹੋਏ ਨੇ, ਮਰਿਆਦਾ ਬਣੀ ਹੋਈ ਹੈ। ਉਹਨਾਂ ਨੇ ਕਰਨੀ ਘੜ੍ਹਨੀ ਹੈ। ਜੇ ਕੋਈ ਦੂਜੇ ਵਿਚਕਾਰਲੇ ਦਰਜੇ ਦਾ ਕਹੇ ਕਿ ਮੈਂ ਐਮ.ਏ 'ਚ ਜਾਵਾਂਗਾ। ਉਹ ਪੜ੍ਹ ਹੀ ਨਹੀਂ ਸਕਦਾ ਜਾਂ ਪੀਐਚ.ਡੀ ਕਰ ਲਵਾਂ; ਨਹੀਂ ਕਰ ਸਕਦਾ। ਪਹਿਲੀ ਵਾਲਾ ਮਿਡਲ ਵਿਚ ਨਹੀਂ ਜਾ ਸਕਦਾ। ਇਹ ਤਾਂ ਪੜ੍ਹਾਈ ਪੜ੍ਹਨੀ ਪੈਂਦੀ ਹੈ। ਹੌਲੀ-ਹੌਲੀ ਤਰੱਕੀ ਕਰਕੇ ਅਖੀਰ ਦੇ ਉਤੇ ਗਿਆਨ ਦੀ ਬਾਤ ਹੋਇਆ ਕਰਦੀ ਹੈ। ਸੋ ਇਸ ਕਰਕੇ ਜਿੰਨੀ ਦੇਰ ਤਕ ਆਦਮੀ ਦੇ ਵਿਚ ਮੈਂ ਭਾਵ ਹੈ, ਮੈਂ ਭਾਵ ਮਰਦਾ ਨਹੀਂ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ। ਪਰ ਇਹਦੇ ਨਤੀਜੇ ਬਹੁਤ ਖਤਰਨਾਕ ਨੇ। ਇਹਨੂੰ ਮਹਾਰਾਜ ਨੇ ਮਨ ਦਾ ਕੋਹੜ ਕਿਹਾ ਹੈ। ਐਨੇ ਖਤਰਨਾਕ ਕੋਈ ਨਤੀਜੇ ਨਹੀਂ, ਜਿੰਨੇ ਹਉਮੈ ਦੇ ਨੇ-

*ਹਉਮੈ ਰੋਗੁ ਮਾਨੁਖ ਕਉ ਦੀਨਾ ॥* *ਅੰਗ- ੧੧੪੦*

ਮਨੁੱਖ ਦੇ ਹਿੱਸੇ 'ਚ ਆ ਗਿਆ ਇਹ ਰੋਗ। ਇਸ ਰੋਗ ਨੇ ਸਾਨੂੰ ਕਰੋੜਾਂ, ਅਰਬਾਂ, ਖਰਬਾਂ ਸਾਲ ਤੋਂ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ, ਪਤਾ ਨਹੀਂ ਅਸੀਂ ਕਿਹੜੇ-ਕਿਹੜੇ ਰੂਪ ਵਿਚ ਫਿਰਦੇ ਰਹੇ ਹਾਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥* *ਅੰਗ- ੧੭੬*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ- ੧੫੬*

ਖਬਰੇ ਕਿੰਨੇ ਚੱਕਰ ਕੱਟ ਲਏ, ਕੋਈ ਪਤਾ ਨਹੀਂ। ਇਹ ਸੰਸਾਰ ਬਹੁਤ ਲੰਮਾ ਚੌੜਾ ਹੈ। ਵਿਸ਼ੇਸ਼ਕ ਨੇ, ਕਾਲ ਵਾਦੀ ਹੋਣ ਕਰਕੇ ਦੇਵਤਿਆਂ ਦੀਆਂ ਉਮਰਾਂ ਗਿਣੀਆਂ, ਧਰਤੀ ਦੀ ਗਿਣੀ, ਸੂਰਜ ਦੀ ਗਿਣੀ। ਬ੍ਰਹਮਾ ਜੀ ਦੀ ਉਮਰ 16 ਲੱਖ ਖਰਬ ਸਾਲ ਹੈ। ਸ਼ਿਵ ਜੀ ਦੀ ਉਮਰ ਵਿਚੋਂ 100 ਵਾਰ ਮਰ ਜਾਂਦਾ ਹੈ।

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸ਼ਿਵ ਜੀ ਦੀ ਉਮਰ 16 ਕਰੋੜ ਖਰਬ ਸਾਲ ਦੀ ਹੈ। ਵਿਸ਼ਨੂੰ ਜੀ 100 ਸਾਲ ਹੋਰ ਉਤੇ ਹੋ ਗਏ। ਉਨ੍ਹਾਂ ਦੀ 100 ਅਰਬ ਖਰਬ ਸਾਲ ਉਮਰ ਹੈ। ਇਹਦੇ ਮਹਾਂ ਮਾਇਆ ਵੀ ਆ ਜਾਂਦੀ ਹੈ। ਇਹਨੂੰ ਕਹਿ ਨਹੀਂ ਸਕਦਾ ਕੋਈ, ਗਿਣ ਨਹੀਂ ਸਕਦਾ। ਮਹਾਰਾਜ ਨੇ 'ਅਰਬਦ ਨਰਬਦ' ਅੱਖਰ ਵਰਤਿਆ ਹੈ। ਅਰਬਦ ਨਰਬਦ ਸਿਆਣਿਆਂ ਨੇ ਗਿਣ ਕੇ ਦੱਸਿਆ ਹੈ ਕਿ 55 ਸਿਫ਼ਰਾਂ ਵਾਲਾ ਹੁੰਦੈ। ਆਪਾਂ ਗਿਣ ਹੀ ਨਹੀਂ ਸਕਦੇ ਉਥੇ ਤਕ। ਇਹਦਾ ਮਤਲਬ ਹੈ ਬੇਅੰਤ ਸਮਾਂ ਜਿਹੜਾ ਗਿਣਿਆ ਹੀ ਨਹੀਂ ਜਾ ਸਕਦਾ। ਅਸੀਂ ਕਲਪਨਾ ਹੀ ਨਹੀਂ ਕਰ ਸਕਦੇ। ਉਸ ਵੇਲੇ ਤੋਂ ਘੁੰਮਦੇ ਫਿਰਦੇ ਹਾਂ। ਰੋਗ ਕੀ ਲੱਗਿਆ ਹੋਇਆ ਹੈ? ਹਉਮੈ ਦਾ। ਇਹਨੂੰ ਜੇ ਕੋਈ ਕੱਟਣ ਵਾਲੀ ਦਵਾਈ ਜੇ ਹੈ ਦੁਨੀਆਂ ਦੇ ਅੰਦਰ, ਉਹ ਗੁਰੂ ਦੇ ਪਾਸ ਦਵਾਈ ਹੈ। ਉਹਦੇ ਬਾਰੇ ਐਸਾ ਫੁਰਮਾਨ ਆਉਂਦੈ-

*ਧਾਰਨਾ - ਨਾਮ ਕੱਟ ਦਿੰਦਾ ਹੈ,*
*ਹਉਮੈ ਦਾ ਰੋਗ ਬੁਰਾ ਹੈ।*
*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

ਜੇ ਨਾਮ ਆ ਗਿਆ ਤਾਂ ਹਉਮੈ ਨਹੀਂ। ਜੇ ਨਾਮ ਨਹੀਂ ਆਇਆ ਤਾਂ ਹਉਮੈ ਦੇ ਵਿਚ ਅਸੀਂ ਬਿਮਾਰ ਫਿਰਦੇ ਹਾਂ। ਬਾਰ-ਬਾਰ ਜੰਮਾਂਗੇ, ਮਰਾਂਗੇ। ਜਿਹੜੇ ਨੇਕ ਕੰਮ ਕਰਦੇ ਹਾਂ ਉਹਦਾ ਫਲ ਵੀ ਭੋਗਾਂਗੇ। ਸਵਰਗਾਂ 'ਚ ਜਾ ਕੇ ਜਾਂ ਕਿਤੇ ਹੋਰ ਥਾਂ ਜਾ ਕੇ ਭੋਗਾਂਗੇ। ਲੇਕਿਨ ਖਹਿੜਾ ਨਹੀਂ ਛੁਟੇਗਾ ਜੀਵ ਆਤਮਾ ਦਾ, ਇਹਦੇ ਵਿਚ ਫੇਰ ਜੰਮਦੈ, ਫੇਰ ਜੰਮਦੈ। ਚਾਹੇ ਬੈਕੁੰਠ ਧਾਮ 'ਚ ਵਾਸਾ ਕਰ ਲਏ, ਮੁੜ ਕੇ ਫੇਰ ਆਏਗਾ। ਸਚਖੰਡ ਵਾਸਤੇ ਕਹਿੰਦੇ ਨੇ ਅਰਦਾਸ ਕਰਦਾ ਹੈ ਭਾਈ ਕਿ ਸੱਚੇ ਪਾਤਸ਼ਾਹ ਤੇਰਾ ਸੇਵਕ ਚਲਿਆ ਗਿਆ, ਸਚਖੰਡ 'ਚ ਵਾਸਾ ਦੇਹ। ਜਾਂ ਤਾਂ ਉਹਨੂੰ ਹੀ ਨਹੀਂ ਪਤਾ ਕਿ ਸਚਖੰਡ ਹੁੰਦਾ ਕੀ ਹੈ ਤੇ ਉਥੇ ਵਾਸਾ ਕਿਵੇਂ ਮਿਲਦੈ? ਗੁਰੂ ਮਹਾਰਾਜ ਨੇ ਦਸਿਆ ਹੋਇਆ ਹੈ, ਬੜਾ ਆਸਾਨ ਹੈ। ਕੋਈ ਔਖੀ ਬਾਤ ਨਹੀਂ ਦੱਸੀ। ਸਚਖੰਡ ਦੇ ਵਾਸੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*
*ਬਹੁਤ ਸੁਖਾਲਾ ਨੁਸਖਾ ਹੈ।*
*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਅੰਗ- ੫੧੭*

ਅੰਦਰ ਵਾਹਿਗੁਰੂ ਦਾ ਧਿਆਨ ਧਰਨਾ।

ਧਿਆਨ 'ਚ ਰਹਿਣਾ। ਦੇਖੋ, ਇਹਦੇ ਵਿਚ ਫਰਕ ਹੈ। ਜੇ ਕਹੇ ਕਿ ਮੈਂ 'ਜਪੁ ਜੀ ਸਾਹਿਬ' ਪੜ੍ਹਦਾ ਧਿਆਨ 'ਚ ਰਹਿੰਦਾ ਹਾਂ, 'ਸੁਖਮਨੀ ਸਾਹਿਬ' ਪੜ੍ਹਦਾ ਧਿਆਨ 'ਚ ਰਹਿੰਦਾ ਹਾਂ, ਬਿਲਕੁਲ ਗਲਤ। ਧਿਆਨ 'ਚ ਨਹੀਂ ਰਹਿੰਦਾ। ਧਿਆਨ ਹੋਰ ਚੀਜ਼ ਹੈ, ਧਿਆਨ ਦੇ ਵਿਚ ਐਨੀ ਕਸ਼ਿਸ਼ ਤੇ ਖਿੱਚ ਹੈ, ਐਨੀ ਐਨਰਜੀ ਹੈ ਧਿਆਨ ਦੀ ਕਿ ਕੱਛੂ ਬੈਠਾ ਹੁੰਦੈ ਪਾਣੀ 'ਚ ਤੇ ਆਂਡੇ ਦਿਤੇ ਹੁੰਦੇ ਨੇ ਸੁੱਕੇ ਵਿਚ। ਉਨ੍ਹਾਂ ਨੂੰ ਧਿਆਨ ਨਾਲ ਪਾਲ ਲੈਂਦੈ। ਤੁਸੀਂ ਦੇਖੋ ਕੱਛੂ ਦਾ ਬੱਚਾ ਕਦੇ ਵੀ ਬਰੇਤੀ ਪਰਲੇ ਪਾਸੇ ਨਹੀਂ ਜਾਂਦਾ। ਸਮੁੰਦਰ ਵਲ ਨੂੰ ਛਾਲਾਂ ਮਾਰਦਾ ਆਉਂਦੈ। ਉਹ ਖਿੱਚ ਹੈ ਜ਼ਬਰਦਸਤ ਧਿਆਨ ਦੀ। ਐਵੇਂ ਨਹੀਂ ਧਿਆਨ ਹੁੰਦਾ।

ਭਾਈ ਗੋਂਦਾ ਕਾਬਲ ਵਿਚ ਗੁਰੂ ਮਹਾਰਾਜ ਨੇ ਭੇਜ ਦਿਤਾ ਕਿ ਭਾਈ ਗੋਂਦੇ! ਤੂੰ ਜਾਹ ਕਾਬਲ ਦੀ ਸੰਗਤ ਦੂਰ ਹੈ, ਉਥੇ ਤੂੰ ਪ੍ਰਚਾਰ ਕਰ ਕਿਉਂਕਿ ਜੋ ਗੱਲ ਤੂੰ ਜਾਨਣੀ ਸੀ, ਜਾਣ ਲਈ, ਜੋ ਸਮਝਣਾ ਸੀ ਸਮਝ ਲਿਆ, ਤੇਰਾ ਤੇ ਮੇਰਾ ਹੁਣ ਕੋਈ ਫਰਕ ਨਹੀਂ ਰਿਹਾ।

ਉਸ ਵੇਲੇ ਭਾਈ ਗੋਂਦਾ ਕਾਬਲ ਵਿਚ ਜਾਂਦੈ। ਸਤਿਪੁਰਸ਼ਾਂ 'ਚ ਇਹ ਹੁੰਦੈ ਕਿ ਚਾਹੇ ਉਹ ਕਿੱਡੀਓ ਪਦਵੀ ਪ੍ਰਾਪਤ ਕਰਕੇ, ਵਾਹਿਗੁਰੂ ਨਾਲ ਇਕਮਿਕ ਹੋਏ ਹੋਣ ਪਰ ਮਰਿਆਦਾ ਨਹੀਂ ਛੱਡਿਆ ਕਰਦੇ। ਉਹ ਜਿਵੇਂ ਪੀ.ਟੀ ਮਾਸਟਰ ਹੁੰਦੈ, ਉਹਨੂੰ ਕਰਕੇ ਹੀ ਸਭ ਕੁਝ ਦਿਖਾਉਣਾ ਪੈਂਦੈ। ਉਹਨਾਂ ਨੂੰ ਆਪ ਕਰਨਾ ਪੈਂਦੈ ਅਖੀਰਲੇ ਦਮ ਤੱਕ। ਉਹਦੇ ਵਾਸਤੇ ਉਹ ਕਰਨਗੇ ਹੀ ਸਾਧਨ, ਤਾਂ ਕਿ ਉਹਨਾਂ ਨੂੰ ਦੇਖ ਕੇ ਦੂਜੇ ਉਸੇ ਤਰ੍ਹਾਂ ਦੇ ਨਾਲ ਕਰਨ। ਪਰ ਉਹ ਬਹੁਤ ਉੱਚੇ ਲੰਘ ਚੁੱਕੇ ਹੁੰਦੇ ਨੇ। ਉਹਨਾਂ ਦੇ ਸਾਧਨ ਵੀ ਹੋਰ ਤਰ੍ਹਾਂ ਹੁੰਦੇ ਨੇ।

ਸੋ ਭਾਈ ਗੋਂਦਾ ਇਸ਼ਨਾਨ ਕਰਕੇ ਬੈਠਦਾ ਹੈ ਨਦੀ ਦੇ ਕਿਨਾਰੇ। ਆਪਣੇ ਸਮੇਂ ਨਾਲ ਉਠ ਕੇ ਚਲਿਆ ਜਾਂਦੈ। ਅੱਜ ਆਪ ਦਾ ਗਹਿਰਾ ਧਿਆਨ ਗੁਰੂ ਵਿਚ ਚਲਿਆ ਗਿਆ। ਦਿਨ ਚੜ੍ਹ ਗਿਆ, ਉੱਠੇ ਨਾ। ਚਾਰ ਵੱਜ ਗਏ, ਸ਼ਾਮ ਦੇ। ਇਧਰਲੇ ਪਾਸੇ ਗੁਰੂ ਮਹਾਰਾਜ ਗੁਰੂ ਸੱਤਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਅੰਮ੍ਰਿਤ ਵੇਲੇ ਦੀਵਾਨ ਵਿਚ ਬੈਠੇ ਨੇ। ਅੱਜ ਆਪ ਅਰਦਾਸ ਵੀ ਹੋ ਗਈ ਤਾਂ ਨਹੀਂ ਉੱਠੇ। ਭੋਗ ਵੀ ਲਾਇਆ ਗਿਆ, ਤਾਂ ਵੀ ਆਪ ਨੇ ਨੇਤਰ ਨਾ ਖੋਲ੍ਹੇ। ਸਭ ਸੰਗਤਾਂ ਬੈਠ ਗਈਆਂ, ਲੰਗਰ ਵੀ ਨਾ ਵਰਤਿਆ। ਕਿਉਂਕਿ ਮਹਾਰਾਜ ਜਿੰਨਾਂ ਚਿਰ ਤਕ ਭੋਗ ਨਹੀਂ ਸੀ ਲਾਉਂਦੇ, ਓਨਾਂ ਚਿਰ ਤਕ ਲੰਗਰ ਨਹੀਂ ਸੀ ਵਰਤਦਾ। ਚਾਰ ਵੱਜ ਗਏ। ਮਹਾਰਾਜ ਨੇ ਕਿਹਾ, ਧੰਨ ਸਿੱਖੀ-ਧੰਨ ਸਿੱਖੀ। ਕਹਿਣ ਲੱਗੇ, ਮਹਾਰਾਜ! ਅੱਜ ਕਿਹੜਾ ਭਾਗਾਂ ਵਾਲਾ ਸੀ ਜਿਸ ਨੇ ਤੁਹਾਨੂੰ ਬੰਨ੍ਹ ਕੇ ਰੱਖ ਲਿਆ। ਕਹਿਣ ਲੱਗੇ, ਪਿਆਰਿਓ! ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਚ ਸਾਧਨਾ ਦੇ ਰਸਤੇ ਉਤੇ ਇਕ ਮੰਜ਼ਿਲ ਆਉਂਦੀ ਹੈ। ਉਹ ਮੰਜ਼ਿਲ ਸਮੇਂ ਸਿਰ ਮਹਾਤਮਾ ਦਸ ਦਿੰਦੇ ਨੇ। ਪਹੁੰਚੀਆਂ ਹੋਈਆਂ ਰੂਹਾਂ ਨੂੰ ਦਸਦੇ ਨੇ ਕਿ ਤੇਰੀ ਮੰਜ਼ਿਲ ਆ ਗਈ ਤੇ ਹੁਣ ਤੂੰ ਆਹ ਸਾਧਨ ਕਰ। ਉਹ ਸਾਧਨ ਕੀ ਹੈ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਮਨ ਵਿਚ ਧਰੀਏ ਧਿਆਨ,*
*ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ- ੮੬੪*

ਗੁਰੂ ਨਾਲ ਜਦੋਂ ਪਿਆਰ ਹੁੰਦੈ, ਜਿਹਦੇ ਨਾਲ ਵੀ ਦੁਨੀਆਂ 'ਚ ਪਿਆਰ ਹੋਵੇ, ਤੁਸੀਂ ਪ੍ਰਤਿਆ ਕੇ ਦੇਖ ਲਓ, ਉਹਦੀ ਸ਼ਕਲ ਤੁਹਾਡੇ ਸਾਮ੍ਹਣੇ ਫਿਰੀ ਜਾਏਗੀ। ਅਧਿਆਤਮਵਾਦ ਦੇ ਵਿਚ ਇਕ ਸਟੇਜ ਹੈ, ਜਿਸ ਨੂੰ ਧਿਆਨ ਦੀ ਸਟੇਜ ਕਹਿੰਦੇ ਨੇ। ਉਹਦੇ 'ਚੋਂ ਲੰਘਣਾ ਹੀ ਪੈਂਦਾ ਹੈ। ਜੇ ਤਾਂ ਬਹੁਤ ਉੱਤਮ ਵਿਦਿਆਰਥੀ ਹੈ, ਬਹੁਤ ਉੱਚੀ (advance) ਉਹਦੀ ਸੁਰਤੀ ਹੋ ਗਈ, ਉਹ ਸ਼ਬਦ ਦੀ ਸੁਰ (sound) ਦਾ ਧਿਆਨ ਧਰਦੈ। ਅੱਖਰਾਂ ਦਾ ਨਹੀਂ, ਸ਼ਬਦ ਦੀ ਜਿਹੜੀ ਸੁਰ (sound) ਹੈ। ਦੂਸਰਾ ਗੁਰੂ ਦਾ ਜਿਹੜਾ ਵਜੂਦ ਹੈ, ਉਹਦਾ ਧਿਆਨ ਧਰਦੈ। ਮਤਲਬ ਇਹ ਹੈ ਕਿ in between ਇਹ ਮਾਰਗ ਲੰਘਣਾ ਹੀ ਪੈਣੈ ਹਰੇਕ ਨੂੰ। ਕਿਉਂਕਿ ਬਿਰਤੀ ਅਤਿ ਸੂਖਸ਼ਮ ਨਹੀਂ ਹੁੰਦੀ, ਜਦੋਂ ਤਕ ਧਿਆਨ ਦੇ ਵਿਚ ਨਹੀਂ ਆਉਂਦਾ। ਫੇਰ ਧਿਆਨ ਕੋਈ ਐਵੇਂ ਕਲਪਨਾ ਨਹੀਂ ਹੈ। ਇਹਦੇ ਵਿਚ ਸ਼ਕਤੀ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਬਿਰਾਜਮਾਨ ਨੇ। ਪ੍ਰਸ਼ਾਦਾ ਤਿਆਰ ਹੋ ਗਿਆ। ਮਾਤਾ ਤ੍ਰਿਪਤਾ ਜੀ ਨੇ ਤੁਲਸਾ ਦਾਸੀ ਨੂੰ ਕਿਹਾ ਕਿ ਤੁਲਸਾਂ! ਜਾਹ ਤੂੰ ਜਾ ਕੇ ਲਾਲ ਜੀ ਨੂੰ ਜਗਾ ਲਿਆ ਤੇ ਪ੍ਰਸ਼ਾਦਾ ਛਕ ਲੈਣ, ਠੰਢਾ ਨਾ ਹੋ ਜਾਵੇ। ਤੁਲਸਾਂ ਜਾਂਦੀ ਹੈ ਤੇ ਉਹਨੇ ਦੇਖਿਆ ਕਿ ਬਹੁਤ ਅਰਾਮ ਵਿਚ ਨੇ।

ਉਸ ਵੇਲੇ ਉਹਨੇ ਅਵਾਜ਼ ਮਾਰਨੀ ਮੁਨਾਸਬ ਨਾ ਸਮਝਿਆ। ਉਸ ਨੇ ਆਪਣਾ ਮਸਤਕ ਮਹਾਰਾਜ ਜੀ ਦੇ ਅੰਗੂਠੇ ਨਾਲ ਛੂਹਾ ਦਿਤਾ। ਮਸਤਕ ਛੂਹਣਾ ਕੀ ਸੀ, ਉਸੇ ਵੇਲੇ ਉਹਨੂੰ ਤ੍ਰਿਭਵਣ ਦੀ ਸੋਝੀ ਹੋ ਗਈ, ਬਜਰ ਕਪਾਟ ਟੁੱਟ ਗਏ ਉਸੇ ਵੇਲੇ। ਤਿੰਨਾਂ ਭਵਣਾਂ ਦੀ ਸੋਝੀ ਹੋ ਗਈ। ਭੂਤ, ਭਵਿੱਖਤ, ਵਰਤਮਾਨ; ਨਾ ਪਹਿਲਾ ਕੁਝ ਲਾਂਭੇ ਰਿਹਾ, ਨਾ ਹੁਣ ਵਾਲਾ ਲਾਂਭੇ ਰਿਹਾ, ਨਾ ਅਗਾਂਹਾਂ ਆਉਣ ਵਾਲਾ ਲਾਂਭੇ ਰਿਹਾ। ਹੈਰਾਨ ਹੋ ਗਈ ਕਿ ਹੈਂ। ਸਿੱਖ ਗਲ ਵਿਚ ਪੱਲਾ ਪਾਇਆ ਹੋਇਐ, ਮਨਸੁਖ ਨਾਮ ਦਾ ਸਿੱਖ ਹੈ। ਜਹਾਜ਼ ਉਸਦਾ ਡਾਵਾਂਡੋਲ ਹੋ ਰਿਹੈ। ਡੁੱਬਣ ਦੀ ਕਿਨਾਰੇ ਹੋਇਆ ਹੋਇਐ, ਮਲਾਹਾਂ ਨੇ ਜਵਾਬ ਦੇ ਦਿਤਾ ਕਿ ਸ਼ਾਹ ਜੀ! ਹੁਣ ਨਹੀਂ ਬਚ ਸਕਦੇ। ਹੁਣ ਤਾਂ ਕੋਈ ਦੇਵੀ ਦੇਵਤਾ ਧਿਆਓ ਆਪਣਾ। ਓਹੀ ਲੰਘਾ ਸਕਦੈ। ਹੋਰ ਕੋਈ ਨਹੀਂ ਲੰਘਾ ਸਕਦਾ। ਉਸ ਵੇਲੇ ਇਕ ਮਨ ਇਕ ਚਿੱਤ ਹੋ ਕੇ ਧਿਆਨ ਧਰਦੈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ। ਸਾਖਸ਼ਾਤ ਕਰ ਲਏ ਆਪਣੇ ਅੰਦਰ, ਬੇਨਤੀ ਕਰਦੈ, ਹੇ ਪਾਤਸ਼ਾਹ! ਇਸ ਵੇਲੇ ਕੋਈ ਨਹੀਂ ਹੈ, ਜਿਹੜਾ ਮੇਰੀ ਸਹਾਇਤਾ ਕਰ ਦੇਵੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਉਥੇ ਜਾ ਕੇ ਆਪਣਾ ਹੱਥ ਜਹਾਜ਼ ਨੂੰ ਲਾਉਂਦੇ ਨੇ। ਉਹ ਡੋਲਦਾ ਜਹਾਜ਼ ਸਥਿਰ ਹੋ ਜਾਂਦੈ। ਖੁਸ਼ੀਆਂ ਹੋ ਜਾਂਦੀਆਂ ਨੇ, ਜੈਕਾਰੇ ਬੋਲਣ ਲਗ ਜਾਂਦੇ ਨੇ।

ਤੁਲਸਾਂ ਦਾਸੀ ਨੇ ਇਹ ਸਭ ਦੇਖਿਆ ਤਾਂ ਉਹਨੇ ਕਿਹਾ ਜੇ ਮੈਂ ਮਹਾਰਾਜ ਜੀ ਨੂੰ ਜਗਾ ਲਿਆ। ਇਹ ਤਾਂ ਇਥੇ ਗਏ ਹੋਏ, ਵਿਚਾਰੇ ਦਾ ਜਹਾਜ਼ ਨਾ ਡੁੱਬ ਜਾਵੇ ਕਿਤੇ। ਉਹ ਮਾਤਾ ਜੀ ਕੋਲ ਆ ਗਈ। ਮਾਤਾ ਜੀ ਕਹਿੰਦੇ, ਕਿ ਲਿਆਈ ਨਹੀਂ ਤੂੰ ਉਹਨਾਂ ਨੂੰ। ਕਹਿਣ ਲੱਗੀ, ਮੈਂ ਕਿੱਥੋਂ ਲਿਆਵਾਂ ਉਹਨਾਂ ਨੂੰ ਉਹ ਤਾਂ ਭਾਈ ਮਨਸੁਖ ਦਾ ਜਹਾਜ਼ ਕੱਢ ਰਹੇ ਨੇ, ਲੰਕਾ ਦੇ ਕੋਲ। ਐਨੇ ਨੂੰ ਬੇਬੇ ਨਾਨਕੀ ਜੀ ਆ ਗਏ। ਕਹਿੰਦੇ, ਤੂੰ ਲਿਆ ਜਗਾ ਕੇ। ਉਹ ਲਿਆਏ ਜਾ ਕੇ ਮਹਾਰਾਜ ਜੀ ਨੂੰ। ਮਾਤਾ ਜੀ ਕਹਿਣ ਲੱਗੇ, ਬੇਟਾ! ਅੱਗੇ ਤਾਂ ਸਰੀਕਾ ਹੀ ਕਹਿੰਦਾ ਸੀ, ਹੁਣ ਤਾਂ ਘਰ ਦੇ ਨੌਕਰ ਵੀ ਕਹਿਣ ਲਗ ਗਏ। ਕਹਿੰਦੇ, ਆਹ ਨਵੀਆਂ ਹੀ ਗੱਲਾਂ ਸੁਣਾਉਂਦੀ ਹੈ ਦਾਸੀ ਕਿ ਜਹਾਜ਼ ਕੱਢਣ ਗਏ ਹੋਏ ਨੇ ਭਾਈ ਮਨਸੁਖ ਦਾ। ਗੁਰੂ ਮਹਾਰਾਜ ਕਹਿਣ ਲੱਗੇ ਕਿ ਇਹ ਤਾਂ ਝੱਲੀ ਹੈ। ਉਸੇ ਵੇਲੇ ਬੇਬੇ ਨਾਨਕੀ ਜੀ ਨੇ ਹੱਥ ਬੰਨ੍ਹ ਲਏ ਕਿ ਨਾ ਵੀਰ ਜੀ, ਇਸ ਤਰ੍ਹਾਂ ਨਾ ਕਹੋ। ਕਹਿੰਦੇ, ਅਸੀਂ ਰੂਹਾਨੀ ਭੇਤ ਛੁਪਾਉਣ ਵਾਸਤੇ ਇਹਨੂੰ ਝੱਲੀ ਕਿਹੈ। ਕਿਰਿਆ ਇਹ ਆਪਣੀ ਸਾਰੀ ਕਰੇਗੀ। ਦੁਨੀਆਂ ਤੋਂ ਉਪਰ ਲੰਘ ਚੁੱਕੀ ਹੈ। ਸੋ ਉਹ ਧਿਆਨ ਸੀ।

ਬਿਲਾਸਪੁਰ ਦੇ ਵਿਚ ਇਕ ਬਹੁਤ ਭਾਰਾ ਖੜਯੰਤਰ ਰਚਿਆ ਜਾ ਰਿਹਾ ਸੀ। ਸਾਰੇ ਰਾਜੇ ਇਕੱਠੇ ਹੋਏ-ਹੋਏ ਸੀ ਤੇ ਉਥੇ ਇਹ ਹੋਇਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰ ਇਕ ਦਮ ਹਮਲਾ ਕਰੋ ਚਾਰੋਂ ਪਾਸਿਆਂ ਤੋਂ, ਬੇਖਬਰ ਨੂੰ ਘੇਰ ਲਓ ਤੇ ਰੋਜ਼ ਦਾ ਰੇੜਕਾ ਮੁਕਾ ਦੇਈਏ ਆਪਾਂ।

ਉਸ ਵੇਲੇ ਦੇਵੀਦਾਸ ਪ੍ਰਾਈਮ ਮਨਿਸਟਰ ਸੀ। ਸਾਰਿਆਂ ਨੂੰ ਕਹਿਣ ਲੱਗਾ ਕਿ ਮੈਂ ਪ੍ਰਾਈਮ ਮਨਿਸਟਰ ਹਾਂ, ਮੈਨੂੰ ਉਹਨਾਂ ਦਾ ਪਤਾ ਹੈ ਤੇ ਤੁਸੀਂ ਅਗਾਂਹਾਂ ਗੱਲ ਨਾ ਕਰਿਓ। ਉਹ ਤਾਂ ਓਹੀ ਨੇ ਜਿਨ੍ਹਾਂ ਨੇ ਤੁਹਾਡੇ ਦਾਦੇ ਬਜ਼ੁਰਗਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਕਲੀਆਂ ਵਾਲਾ ਚੋਲਾ ਪਾ ਕੇ ਛੁਡਾਇਆ ਸੀ। ਤੁਸੀਂ ਐਨੇ ਅਕ੍ਰਿਤਘਣ ਹੋ ਗਏ। ਜਿਹੜਾ ਤੁਹਾਡਾ ਰਾਖਾ ਹੈ, ਬੰਦੀ ਛੋੜ ਹੈ, ਤੁਸੀਂ ਉਸੇ ਦੇ ਖਿਲਾਫ ਤਿਆਰੀਆਂ ਕਰ ਰਹੇ ਹੋਂ। ਉਸ ਵੇਲੇ ਕਈ ਰਾਜੇ ਵਿਗੜ ਗਏ, ਕਹਿਣ ਲੱਗੇ, ਭੀਮ ਸੈਨ! ਇਥੇ ਅਸੀਂ ਮੀਟਿੰਗ 'ਚ ਆ ਕੇ ਗਲਤੀ ਕਰੀ। ਸਾਨੂੰ ਕੀ ਪਤਾ ਤੇਰੇ ਘਰ 'ਚ ਪ੍ਰਾਈਮ ਮਨਿਸਟਰ ਤੇਰਾ ਜਾਸੂਸ ਹੈ। ਇਹ ਤਾਂ ਇਹਨਾਂ ਦਾ ਜਾਸੂਸ ਲਗਦੈ, ਇਹਨੇ ਸਾਰਾ ਭੇਤ ਦੇ ਦੇਣੈ। ਉਸ ਵੇਲੇ ਸਜ਼ਾ ਦਿਤੀ ਗਈ। ਜਲਾਦਾਂ ਨੂੰ ਬੁਲਾਇਆ ਤੇ ਕਿਹਾ ਇਸ ਨੂੰ ਪਹਾੜ ਦੀ ਚੋਟੀ 'ਤੇ ਲੈ ਜਾਓ। ਉਥੇ ਜਾ ਕੇ ਸਲਾਈਆਂ ਗਰਮ ਕਰੋ, ਇਹਦੀਆਂ ਦੋਹਾਂ ਅੱਖਾਂ 'ਚ ਫੇਰ ਦਿਓ। ਤਾਂ ਇਹਦੀ ਦੇਖਣ ਦੀ ਸ਼ਕਤੀ ਜਾਂਦੀ ਰਹੇ। ਉਸ ਤੋਂ ਬਾਅਦ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ। ਆਪੇ ਖੱਡ 'ਚ ਗਿਰ ਕੇ ਮਰ ਜਾਏਗਾ। ਬੜੀਆਂ ਉੱਚੀਆਂ ਚੋਟੀਆਂ ਹੁੰਦੀਆਂ ਨੇ। ਮੀਲ-ਮੀਲ ਥੱਲੇ ਦਰਿਆ ਚਲਦੈ। ਸੋ ਇਸੇ ਤਰ੍ਹਾਂ ਕੀਤਾ ਗਿਆ। ਜਿਸ ਵਕਤ ਉਹ ਚਲਿਆ ਗਿਆ ਚੋਟੀ 'ਤੇ। ਜਲਾਦਾਂ ਨੇ ਕਿਹਾ ਕਿ ਸਾਨੂੰ ਆਹ ਹੁਕਮ ਮਿਲਿਆ ਹੈ। ਅਸੀਂ ਤੇਰੀ ਕੀ ਮਦਦ ਕਰ ਸਕਦੇ ਹਾਂ? ਸਾਨੂੰ ਦੱਸ? ਕਿਉਂਕਿ ਹੁਕਮ ਸਾਨੂੰ ਪਾਲਣਾ ਹੀ ਪੈਣਾ ਹੈ। ਉਹ ਕਹਿੰਦੇ, ਕਿ ਤੁਸੀਂ ਮੇਰੀ ਮਦਦ ਇਹ ਕਰੋ, ਮੈਨੂੰ ਇਕ ਦੋ ਘੜੀਆਂ ਦੇ ਦਿਓ। ਸਮਾਂ ਦੇ ਦਿਓ। ਮੈਂ ਆਪਣੇ ਗੁਰੂ ਦੇ ਨਾਲ ਸੁਰਤ ਨਾਲ ਇਕ-ਮਿਕ ਹੋਣਾ ਹੈ। ਉਸ ਵੇਲੇ ਉਹਨੇ ਗੁਰੂ

ਦਸ਼ਮੇਸ਼ ਪਿਤਾ ਦੇ ਚਰਨਾਂ ਦਾ ਧਿਆਨ ਧਰ ਲਿਆ। ਉਸ ਤੋਂ ਬਾਅਦ ਸਮਾਂ ਲੰਘਾ ਦਿਤਾ, ਅਵਾਜ਼ ਦਿਤੀ, ਸਿਰ ਹਿਲਾ ਦਿਤਾ ਉਹਨੇ ਕਿ ਕਰ ਠੀਕ ਹੈ, ਕਰ ਲਓ ਤੁਸੀਂ। ਉਹਨਾਂ ਨੇ ਸਲਾਈਆਂ ਗਰਮ ਕਰੀਆਂ, ਅੱਖਾਂ 'ਚ ਇਸ ਤਰ੍ਹਾਂ ਫੇਰ ਦਿਤੀਆਂ ਜਿਵੇਂ ਸੁਰਮਚੂ ਸੁਰਮੇ ਵਾਲਾ ਫੇਰੀਦੈ।

ਪਾਣੀ ਦਾ ਧੂਆਂ ਜਿਹਾ ਨਿਕਲਿਆ, ਜਲਣ ਦਾ ਮੁਸ਼ਕ ਆਇਆ। ਦਿਲ ਦਹਿਲ ਗਿਆ ਉਹਨਾਂ ਦਾ, ਕਹਿਣ ਲੱਗੇ, ਆਪਣੇ 'ਤੇ ਬੜੀਆਂ ਮਿਹਰਬਾਨੀਆਂ ਕਰਦਾ ਰਿਹਾ ਹੈ। ਚਲੋ, ਇਹ ਉੱਚੀ ਪਹਾੜੀ 'ਤੇ ਤਾਂ ਹੀ, ਥੱਲੇ ਤਾਂ ਇਹਨੇ ਆ ਹੀ ਨਹੀਂ ਸਕਣਾ। ਇਹਨੂੰ ਰਸਤਾ ਵੀ ਨਹੀਂ ਪਤਾ। ਆਪੇ ਗਿਰ ਕੇ ਮਰ ਜਾਵੇ, ਆਪਾਂ ਕਾਹਨੂੰ ਧੱਕਾ ਦੇਣੈ। ਸੋ ਇਸ ਤਰ੍ਹਾਂ ਉਹ ਆਪਣਾ ਕੰਮ ਕਰਕੇ ਚਲੇ ਆਏ। ਇਹ ਉਥੇ ਹੀ ਬੈਠਾ ਰਿਹਾ ਦੋ-ਚਾਰ ਘੰਟੇ। ਹੌਲੀ-ਹੌਲੀ ਅੱਖਾਂ ਖੋਲ੍ਹੀਆਂ, ਹੈਰਾਨ ਰਹਿ ਗਿਆ ਮੈਨੂੰ ਤਾਂ ਦਿਸਦਾ ਹੈ। ਇਹ ਕੀ ਗੱਲ ਹੋਈ? ਉਸ ਵੇਲੇ ਬੜੇ ਹੀ ਵੈਰਾਗ ਵਿਚ ਆ ਗਿਆ ਕਿ ਗੁਰੂ ਦਸ਼ਮੇਸ਼ ਪਿਤਾ ਨੇ ਮੇਰੀ ਰਾਖੀ ਕੀਤੀ ਹੈ ਕਿਉਂਕਿ ਆਪਣੇ ਸਿੱਖ ਦੀ ਗੁਰੂ ਰਾਖੀ ਕਰਦੈ -

*ਧਾਰਨਾ - ਸੋ ਦੁਖ ਕੈਸਾ ਪਾਵੈ,*
*ਜਿਸ ਦਾ ਰਾਖਾ ਹੈ ਪਰਮਾਤਮਾ।*

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੈ ਕਰਿ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਅਕਾਲ ਉਸਤਤਿ)*
*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇੜੇ ॥ ੧ ॥ ਰਹਾਉ ॥ ਅੰਗ- ੭੪੯*

ਹੈਰਾਨ ਹੋ ਗਿਆ ਕਿ ਮੇਰੀਆਂ ਤਾਂ ਅੱਖਾਂ ਨੂੰ ਭੋਰਾ ਜਿੰਨਾ ਵੀ ਸੇਕ ਨਹੀਂ ਲੱਗਿਆ। ਉਸ ਵੇਲੇ ਬਹੁਤ ਵੈਰਾਗ 'ਚ ਆ ਗਿਆ। ਸ੍ਰੀ ਅਨੰਦਪੁਰ ਸਾਹਿਬ ਦੀ ਪਹਾੜੀਆਂ ਵਲ ਨੂੰ ਤੁਰ ਪਿਆ। ਸ੍ਰੀ ਅਨੰਦਪੁਰ ਸਾਹਿਬ ਪਹੁੰਚਦੈ। ਉਸ ਵੇਲੇ ਪਤਾ ਲੱਗਿਆ ਕਿ ਗੁਰੂ ਮਹਾਰਾਜ ਅੱਜ ਦੀਵਾਨ ਵਿਚ ਨਹੀਂ ਆਏ। ਕਹਿਣ ਲੱਗਿਆ, ਸੇਵਾਦਾਰਾਂ ਨੂੰ ਕਿ ਮੈਨੂੰ ਦਰਸ਼ਨ ਕਰਾ ਦਿਓ, ਗੁਰੂ ਮਹਾਰਾਜ ਦੇ। ਸੁਨੇਹਾ ਭੇਜਿਆ ਗਿਆ, ਅੰਦਰੋਂ ਇਜਾਜ਼ਤ ਮਿਲ ਗਈ ਕਿ ਲੈ ਆਓ ਉਸ ਨੂੰ। ਅੱਗੇ ਜਾ ਕੇ ਕੀ ਦੇਖਦੈ, ਗੁਰੂ ਮਹਾਰਾਜ ਦੇ ਚਰਨਾਂ 'ਤੇ ਪੱਟੀਆ ਬੰਨੀਆਂ ਨੇ, ਖੂਨ ਸਿੰਮਿਆ ਹੋਇਆ ਹੈ।

ਸੱਚੇ ਪਾਤਸ਼ਾਹ! ਇਹ ਕੀ? ਕ੍ਰਿਪਾ ਕਰਕੇ ਦੱਸੋ ਮੈਨੂੰ।

ਗੁਰੂ ਮਹਾਰਾਜ ਕਹਿਣ ਲੱਗੇ, ਦੇਵੀ ਦਾਸ! ਕਿਸੇ ਪ੍ਰੇਮੀ ਦੇ ਨੇਤਰਾਂ 'ਚ ਗਰਮ ਸਿਲਾਈਆਂ ਫਿਰਨੀਆਂ ਸੀ। ਉਹਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ। ਉਹ ਸਿਲਾਈਆਂ ਦਾ ਸੇਕ ਅਸੀਂ ਆਪਣੇ ਚਰਨਾਂ 'ਤੇ ਲੈ ਲਿਆ। ਉਸ ਵੇਲੇ ਦੇਵੀ ਦਾਸ ਨੇ ਬੜਾ ਵੈਰਾਗ ਕਰਿਆ, ਚਰਨਾਂ 'ਤੇ ਡਿੱਗ ਪਿਆ। ਸੱਚੇ ਪਾਤਸ਼ਾਹ! ਐਡੇ ਤੁਸੀਂ ਦਿਆਲੂ, ਐਨੇ ਕ੍ਰਿਪਾਲੂ। ਕਹਿੰਦੇ, ਹਾਂ, ਜਦੋਂ ਪੂਰਨ ਧਿਆਨ ਨਾਲ ਸਾਨੂੰ ਕੋਈ ਯਾਦ ਕਰਦਾ ਹੈ ਤਾਂ ਅਸੀਂ ਉਥੇ ਪਹੁੰਚਦੇ ਹਾਂ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ੧ ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥*
*ਅੰਗ- ੪੦੩*

ਭਾਈ ਬਿਧੀ ਚੰਦ ਪੱਟੀ ਵਿਚ ਘਿਰ ਗਿਆ, ਦੁਸ਼ਾਲੇ ਦੇਣ ਗਿਆ। ਚਾਰੇ ਪਾਸਿਓਂ ਜਦੋਂ ਨਿਕਲਣ ਦਾ ਥਾਂ ਨਾ ਲੱਭਿਆ, ਉਸੇ ਵੇਲੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦਾ ਧਿਆਨ ਧਰਿਆ, ਭੱਠ ਦੇ ਵਿਚ ਛਾਲ ਮਾਰ ਦਿਤੀ। ਗੁਰੂ ਮਹਾਰਾਜ ਉਸੇ ਵੇਲੇ ਕਹਿਣ ਲੱਗੇ, ਮਸ਼ਕਾਂ ਲਿਆਓ ਪਾਣੀ ਦੀਆਂ ਜਲਦੀ, ਸਾਡੇ ਉਤੇ ਪਾਈ ਜਾਓ। ਕਿਸੇ ਨੂੰ ਨਾ ਪਤਾ ਲੱਗਿਆ ਕਿ ਕੀ ਹੋ ਗਿਆ, ਬੈਠੇ-ਬੈਠੇ। ਗੁਰੂ ਮਹਾਰਾਜ 'ਤੇ ਪਾਣੀ ਦੀ ਮਸ਼ਕਾਂ ਲਿਆਈ ਜਾਂਦੇ ਨੇ, ਪਾਈ ਜਾਂਦੇ ਨੇ। ਅਖੀਰ ਸੰਗਤ ਨੇ ਪੁਛਿਆ ਕਿ ਪਾਤਸ਼ਾਹ! ਕੀ ਗੱਲ ਹੈ? ਕਹਿਣ ਲੱਗੇ, ਪਿਆਰਿਓ! ਭਾਈ ਬਿਧੀ ਚੰਦ ਘਿਰ ਗਿਆ ਸੀ, ਪੁਲਿਸ ਵਿਚ। ਉਹਨੇ ਸਾਡਾ ਧਿਆਨ ਧਰ ਕੇ ਭੱਠ

ਵਿਚ ਛਾਲ ਮਾਰ ਦਿਤੀ। ਉਹ ਸੇਕ ਅਸੀਂ ਲੈ ਰਹੇ ਹਾਂ, ਸਾਰੇ ਸਰੀਰ ਦੇ ਉਤੇ। ਸੋ ਇਹ ਧਿਆਨ ਹੈ –

*ਧਾਰਨਾ – ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

ਬਾਬਾ ਮਹਾਰਾਜ ਸਿੰਘ ਜੀ, ਜਿਨ੍ਹਾਂ ਨੇ ਪੰਜਾਬ ਦੀ ਹਾਰ ਹੋਣ ਪਿਛੋਂ, ਚਾਰ ਸਾਲ ਅੰਗਰੇਜ਼ਾਂ ਨੂੰ ਟਿਕਣ ਨਹੀਂ ਦਿਤਾ। ਆਪ ਨੇ 36 ਸਾਲ ਲਗਾਤਾਰ ਸੰਗਤ ਦੀ ਸੇਵਾ ਕੀਤੀ। ਕੋਈ ਮੰਜਾ ਨਹੀਂ ਸੀ ਰਿਹਾ, ਕੋਈ ਕਮਰਾ ਨਹੀਂ ਸੀ ਰਿਹਾ। ਕੋਈ ਵਸਤਰ ਨਹੀਂ ਸੀ ਰਹੇ। ਇਕ ਉਹ ਬਨੈਣ ਪਾਉਂਦੇ ਹੁੰਦੇ, ਜਿਹਨੂੰ ਜੇਬਾਂ ਵਾਲੀ ਫਤੂਹੀ ਕਹਿੰਦੇ ਹੁੰਦੇ। ਖੱਦਰ ਦੀ ਬਨੈਣ। ਸਿਰ ਦੇ ਉਤੇ ਇਕ ਕੰਬਲੀ ਪਾੜ ਕੇ ਬੰਨ੍ਹਿਆ ਹੋਇਆ ਕੱਪੜਾ। ਦਿਨ ਰਾਤ ਲੰਗਰ ਵਿਚ ਸੇਵਾ ਕਰਦੇ ਸੀ। ਬਾਬਾ ਬੀਰ ਸਿੰਘ ਜੀ ਦੇ ਲੰਗਰ ਵਿਚ 46 ਸੇਵਾਦਾਰ ਹੋਇਆ ਕਰਦੇ ਸੀ–ਦਾਲਾਂ, ਸਬਜ਼ੀਆਂ ਬਣਾਉਣ ਵਾਲੇ। ਬਾਕੀ ਜਿਹੜੇ ਬਾਹਰੋਂ ਆ ਕੇ ਪ੍ਰਸ਼ਾਦੇ ਲਾਹੁੰਦੇ ਸੀ, ਉਹਨਾਂ ਦੀ ਗਿਣਤੀ ਕੋਈ ਨਹੀਂ ਸੀ। 13000 ਸਿੰਘ ਹਰ ਵਕਤ ਉਹਨਾਂ ਦੇ ਨਾਲ ਰਹਿੰਦਾ ਸੀ। ਪੰਜ ਸੱਤ ਹਜ਼ਾਰ ਸਾਰੇ ਪੰਜਾਬ ਤੋਂ ਦਰਸ਼ਨ ਮੇਲੇ ਕਰਨ ਵਾਲੇ ਰੋਜ਼ ਹੁੰਦੇ ਸੀ। ਜਿਹੜੇ ਪਤੀਲਿਆਂ 'ਚ ਦਾਲ ਬਣਦੀ ਸੀ, ਦੇਗਿਆਂ 'ਚ ਉਹਨਾਂ ਨੂੰ ਸਾਫ ਕਰਨ ਵਸ ਦੇਗੇ 'ਚ ਚਾਰ ਸੇਵਾਦਾਰ ਉਹਦੇ ਵਿਚ ਵੜ ਕੇ ਸਾਫ ਕਰਿਆ ਕਰਦੇ ਸੀ। ਛੋਟੀ ਮੰਜੀ ਉਹਦੇ ਵਿਚ ਡਹਿ ਜਾਂਦੀ ਸੀ। ਹੁਣ ਵੀ ਦੇਖ ਲਓ ਪਏ ਨੇ ਨੌਰੰਗਾਬਾਦ ਵਿਚ। ਸੋ ਐਡੇ ਵੱਡੇ ਲੰਗਰ ਦੀ ਸੇਵਾ ਆਪ ਜੀ ਕਰਦੇ ਸੀ। ਇਕ ਦਿਨ ਐਸਾ ਹੋਇਆ ਕਿ ਦਾਲ ਉਬਲ ਰਹੀ ਸੀ, ਕੜਛਾ ਨੇੜੇ ਦਾ ਦੂਜੇ ਪ੍ਰੇਮੀ ਨੇ ਚੁਕ ਲਿਆ। ਉਸ ਵੇਲੇ ਆਪ ਜੀ ਨੇ ਧੰਨ ਬਾਬਾ ਬੀਰ ਸਿੰਘ ਜੀ ਕਹਿ ਕੇ ਬਾਂਹ ਪਾ ਦਿਤੀ ਉਹਦੇ ਵਿਚ, ਬਾਂਹ ਨਾਲ ਦਾਲ ਹਿਲਾ ਦਿਤੀ। ਠੀਕ ਹੈ ਫੇਰ ਕੜਛਾ ਲਿਆਂਦਾ ਠੀਕ ਕਰ ਲਿਆ। ਸ਼ਾਮ ਨੂੰ ਆਪ ਸੇਵਾ ਤੋਂ ਵਿਹਲੇ ਹੋ ਕੇ ਬਾਬਾ ਜੀ ਦੇ ਦਰਸ਼ਨ ਕਰਨ, ਆਮ ਹੀ ਜਾਂਦੇ ਨੇ ਜੋ ਮਹਾਂਪੁਰਸ਼ ਹੁੰਦੇ ਨੇ। ਜਿਥੇ ਰਹਿੰਦੇ ਹੁੰਦੇ ਨੇ ਉਥੇ ਇਕ ਵਾਰ ਜ਼ਰੂਰ ਕੋਲ ਜਾ ਕੇ ਬਹਿੰਦੇ ਹੁੰਦੇ ਨੇ। ਕੋਈ ਬਚਨ ਸੁਣਨਾ ਹੁੰਦਾ ਹੈ, ਇਕ ਬਚਨ ਕਰਨੇ ਹੁੰਦੇ ਨੇ। ਉਥੇ ਜਦੋਂ ਪਹੁੰਚਿਆ ਤਾਂ ਕੀ ਦੇਖਦੇ ਨੇ ਬਾਬਾ ਜੀ ਨੇ ਬਾਂਹ ਦੇ ਉਤੇ ਪੱਟੀ ਬੰਨ੍ਹੀ ਹੋਈ ਹੈ। ਕਹਿਣ ਲੱਗੇ, ਮਹਾਰਾਜ! ਇਹ ਕੀ ਗੱਲ ਹੋ ਗਈ? ਕਹਿੰਦੇ, ਮਹਾਰਾਜ ਸਿੰਘ ਸਾਨੂੰ ਪੁੱਛਦੈਂ? ਧਿਆਨ ਦੇਹ ਜਦੋਂ ਤੂੰ ਸਾਡਾ ਨਾਮ ਲੈ ਕੇ ਦਾਲੇ ਦੇ ਦੇਗੇ ਵਿਚ ਬਾਂਹ ਫੇਰ ਦਿਤੀ। ਉਹ ਸਾਰਾ ਸੇਕ ਸਾਡੀ ਬਾਂਹ ਨੂੰ ਪਹੁੰਚਿਆ। ਅਸੀਂ ਲਿਆ।

ਇਹ ਧਿਆਨ ਦਾ ਸਬੰਧ ਹੁੰਦੈ, ਸਾਧਸੰਗਤ ਜੀ। ਐਵੇਂ ਨਹੀਂ ਧਿਆਨ ਹੁੰਦਾ।

ਇਸੇ ਤਰ੍ਹਾਂ ਇਕ ਵਾਰੀ ਐਸੀ ਗੱਲ ਚਲ ਪਈ। ਨਾਮਧਾਰੀਆਂ ਦੀ ਬਾਤ ਹੈ ਕਿ ਪਿਛਲੇ ਸਮਿਆਂ ਦੇ ਅੰਦਰ ਉਬਲਦੇ ਤੇਲ ਵਿਚੋਂ ਰੁਪਈਆ ਕੱਢ ਲੈਂਦੈ, ਜਿਹੜਾ ਸੱਚਾ ਹੁੰਦੈ ਉਹਦਾ ਹੱਥ ਜਲਦਾ ਨਹੀਂ ਸੀਗਾ, ਜਿਹੜਾ ਝੂਠਾ ਹੁੰਦਾ ਉਹਦਾ ਜਲ ਜਾਂਦਾ ਸੀ। ਤਾਂ ਇਕ ਆਤਮਾ ਸਿੰਘ ਨਾਮ ਦਾ ਨਾਮਧਾਰੀ ਸੀ। ਕਹਿਣ ਲੱਗਿਆ, ਹੁਣ ਵੀ ਹੋ ਸਕਦੈ? ਤੇਲ ਗਰਮ ਕਰ ਦਿਤਾ। ਉਹਨੇ ਬਾਬਾ ਰਾਮ ਸਿੰਘ ਜੀ ਦਾ ਨਾਮ ਲੈ ਕੇ ਇਕ ਦਮ ਹੱਥ ਪਾ ਦਿਤਾ। ਰੁਪਈਆ ਕੱਢ ਲਿਆ। ਜਦੋਂ ਮਿਲਣ ਗਿਆ, ਉਹਨਾਂ ਨੇ ਹੱਥ ਬੰਨ੍ਹਿਆ ਹੋਇਆ। ਕਹਿੰਦੇ, ਮਹਾਰਾਜ! ਇਹ ਕੀ ਗੱਲ ਹੋ ਗਈ? ਕਹਿੰਦੇ, ਗੱਲ ਤੂੰ ਆਪਣੇ ਆਪ ਨੂੰ ਆਪੇ ਪੁੱਛ। ਤੂੰ ਉਬਲਦੇ ਤੇਲ 'ਚ ਹੱਥ ਕਿਉਂ ਪਾਇਆ? ਤੂੰ ਸਾਡਾ ਧਿਆਨ ਧਰਿਆ, ਸਾਰੇ ਦਾ ਸਾਰਾ ਸੇਕ ਸਾਡੇ ਕੋਲ ਆ ਗਿਆ।

ਸੋ ਇਹ ਧਿਆਨ ਐਵੇਂ ਨਹੀਂ ਹੁੰਦਾ ਕਿ ਮਨੋ ਕਲਪਤ ਬਾਤ ਹੈ। ਇਹ ਇਕ ਰੂਹਾਨੀਅਤ ਦੀ ਅਵਸਥਾ ਹੈ, ਇਹਦੇ ਉਤੇ ਬਹਿਸ ਬੜੀ ਚਲਦੀ ਹੈ। ਬਹਿਸ ਉਹ ਕਰਦੇ ਨੇ ਜਿਨ੍ਹਾਂ ਨੇ ਇਹ ਰਸਤਾ ਦੇਖਿਆ ਨਹੀਂ ਹੈ। ਰਸਤੇ ਅਨੇਕਾਂ ਨੇ। ਜੇ ਸਹਿਜ ਯੋਗ ਦਾ ਰਸਤਾ ਹੈ, ਉਹ ਬਿਲਕੁਲ ਅੱਡ ਹੈ। ਜਿਹਦੇ ਵਿਚ ਚੱਕਰ ਵਗੈਰਾ ਵੇਧਣੇ ਪੈਂਦੇ ਨੇ। ਇਹ ਜਿਹੜਾ ਸ਼ਬਦ ਸੁਰਤਿ ਦਾ ਰਸਤਾ ਹੈ, ਇਹ ਹੋਰ ਹੈ, ਇਹਦੇ ਵਿਚ ਧਿਆਨ ਦੀ ਅਵਸਥਾ ਹੁੰਦੀ ਹੈ। ਸੋ – 'ਅੰਤਰਿ ਗੁਰੁ ਆਰਾਧਣਾ' ਸੋ ਆਰਾਧਣਾ ਜਿਹੜਾ ਧਿਆਨ ਧਰਦੈ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ– ੫੧੭*

ਦਰਗਹ 'ਚ ਜਾਣ ਦਾ ਇੱਕੋ ਇਕ ਤਰੀਕਾ ਹੈ–

*ਧਾਰਨਾ – ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆ–ਗੁਰਾਂ ਨਾਲ ਰੱਤਿਆਂ।*

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥*

*ਅੰਗ- ੫੧੭*

ਸੋ ਵਿਰਲੇ ਪੁਰਸ਼ ਨੇ। ਸੋ ਜਦੋਂ ਨਾਮ ਜਪ ਕੇ, ਨਾਮ 'ਚ ਨਿਵਾਸ ਮਿਲ ਜਾਂਦੈ। ਉਸ ਵੇਲੇ ਮੈਂ ਪੂਰੀ ਤਰ੍ਹਾਂ ਨਾਲ ਮਰ ਜਾਂਦੀ ਹੈ। ਕਿਉਂਕਿ ਪ੍ਰਤੱਖ ਸਾਮ੍ਹਣੇ ਆ ਜਾਂਦਾ ਹੈ। ਪ੍ਰਤੱਖ ਦੇਖ ਕੇ ਤਾਂ ਆਦਮੀ ਸ਼ੱਕ ਕਰ ਹੀ ਨਹੀਂ ਸਕਦਾ ਨਾ। ਪਹਿਲਾਂ ਸਾਨੂੰ ਪ੍ਰਤੱਖ ਹੈ ਨਹੀਂ, ਵਿਸ਼ਵਾਸ਼ ਤੋਂ ਅਸੀਂ ਹੀਣੇ ਹਾਂ। ਮਹਾਰਾਜ ਕਹਿੰਦੇ, ਵਿਸ਼ਵਾਸ਼ ਤੋਂ ਜਿਹੜਾ ਹੀਣਾ ਹੈ, ਉਹਦੇ ਅੰਦਰ ਨਾਮ ਚਲ ਹੀ ਨਹੀਂ ਸਕਿਆ ਕਰਦਾ-

*ਧਾਰਨਾ - ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- ੨੮੩*

***'ਜਾ ਕੈ ਮਨਿ ਗੁਰ ਕੀ ਪਰਤੀਤਿ ॥'*** ਇਹ ਸ਼ਰਤ ਨੰਬਰ 1 ਹੋ ਗਈ। ਫੇਰ ਕੀ ਹੁੰਦੈ? - '***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥***' ਜਿਹਦੇ ਅੰਦਰ ਪਰਤੀਤ ਹੀ ਨਹੀਂ ਹੈ -

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ਅੰਗ- ੭੩੪*

ਐਵੇਂ ਅੱਖਾਂ ਮੀਚ ਲਈਆਂ, ਅੰਦਰ ਪਰਤੀਤ ਹੈ ਨਹੀਂ। ਸੋ ਪਰਤੀਤ ਤੋਂ ਬਗੈਰ ਨਾਮ ਵਿਚ ਨਿਵਾਸ ਨਹੀਂ ਹੁੰਦਾ। ਨਾਮ 'ਚ ਨਿਵਾਸ ਨਹੀਂ ਹੁੰਦਾ, ਹਉਮੈ ਦਾ ਰੋਗ ਨਹੀਂ ਕੱਟ ਹੁੰਦਾ। ਬੜੀ ਜ਼ਬਰਦਸਤ ਸੂਝ ਹੈ ਇਹ, ਜੇ ਕਿਸੇ ਨੂੰ ਆ ਜਾਵੇ। ਹਉਮੈ ਦੇ ਮਾਰੇ ਅਸੀਂ ਤੁਰੇ ਫਿਰਦੇ ਹਾਂ। ਇਸੇ ਕਰਕੇ ਅਸੀਂ ਸਤਿਸੰਗ ਕਰਦੇ ਹਾਂ। ਠੀਕ ਹੈ ਸਾਡੇ ਪੁੰਨ ਫਲ ਬਣ ਜਾਣਗੇ। ਬਹੁਤ ਉੱਚੀਆਂ ਅਵਸਥਾਵਾਂ ਪ੍ਰਾਪਤ ਹੋ ਜਾਣਗੀਆਂ। ਪਰ ਜੇ ਅਸੀਂ ਕਹੀਏ ਕਿ ਜੰਮਣ ਮਰਨ ਦਾ ਚੱਕਰ ਕਟ ਜਾਏਗਾ, ਇਹ ਮੁਸ਼ਕਲ ਹੈ। ਇਹ ਓਨੀਂ ਦੇਰ ਤਕ ਨਹੀਂ ਹੁੰਦਾ, ਜਿੰਨੀ ਦੇਰ ਤਕ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ। ਜਦੋਂ ਤਕ ਆਤਮ ਸਾਖਸ਼ਾਤਕਾਰ ਨਹੀਂ ਹੁੰਦਾ।

ਇਸ ਤਰ੍ਹਾਂ ਗੁਰੂ ਮਹਾਰਾਜ ਨੇ ਉਸ ਗਯਾ ਰਿਸ਼ੀ ਨੂੰ ਕੱਢਿਆ। ਮਹਾਰਾਜ ਕਹਿੰਦੇ, ਯੋਗੀਰਾਜ! ਇਹ ਸੁਪਨਾ ਤਾਂ ਸੁਪਨਾ ਹੀ ਹੈ, ਸਾਰੀ ਦੁਨੀਆਂ ਜਾਣਦੀ ਹੈ, ਲੇਕਿਨ ਸੁਪਨਾ ਵਿਚੋਂ ਸੱਚਾ ਲਗਦੈ। ਜਿਹੜਾ ਜਾਗਦੇ ਹਾਂ ਆਪਾਂ ਇਹ ਵੀ ਸੁਪਨਾ ਹੀ ਹੈ। ਉਹ ਰਾਤ ਦਾ ਹੈ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - ੮੦੮*

ਇਹ ਲੰਮਾ ਸੁਪਨਾ ਹੈ ਖਰਬਾਂ-ਖਰਬਾਂ ਸਾਲਾਂ ਦਾ। ਜਦੋਂ ਤਕ ਗਿਆਨ ਹੋ ਕੇ ਆਪਣੇ ਸਰੂਪ ਨੂੰ ਪਛਾਣ ਕੇ ਜੰਮਣ ਮਰਨ ਦਾ ਚੱਕਰ ਨਹੀਂ ਕੱਟ ਹੁੰਦਾ। ਭਾਵਨਾ ਹੀ ਨਹੀਂ ਜਾਂਦੀ। ਸਾਡੀ ਭਾਵਨਾ ਹੈ ਕਿ ਅਸੀਂ ਮਰਨ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਦੀ ਦਰਗਾਹ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਦਰਗਾਹ ਵਿਚ ਜਾਣਾ ਹੈ। ਉਥੇ ਵੀ ਅੱਡ ਰਹਿਣਾ ਚਾਹੁੰਦੇ ਹਾਂ। ਇਸੇ ਕਰਕੇ ਚਾਰ ਕਿਸਮ ਦੀਆਂ ਮੁਕਤੀਆਂ ਲਿਖੀਆਂ ਨੇ। ਲੀਨ ਹੋਣਾ, ਅਭੇਦ ਹੋਣਾ, ਗੁਰੂ ਦਾ ਰੂਪ ਹੋਣਾ ਇਹ ਸਾਰਿਆਂ ਤੋਂ ਸੁਪਰੀਮ ਅਵਸਥਾ ਹੋਇਆ ਕਰਦੀ ਹੈ। ਇਥੇ ਹੈ ਕੁਛ ਵੀ ਨਹੀਂ, ਵਾਹਿਗੁਰੂ ਆਪਣੀ ਮੌਜ ਦੇ ਵਿਚ ਖੇਲ੍ਹ ਰਿਹਾ ਹੈ, ਸਮੁੰਦਰ ਆਪਣੀ ਮੌਜ ਦੇ ਵਿਚ ਲਹਿਰਾਂ ਉੱਚੀਆਂ ਕਰ ਰਿਹਾ ਹੈ। ਉਥੇ ਸਮੁੰਦਰ ਤੋਂ ਬਿਨਾਂ ਹੈ ਕੁਛ ਉਹਦੇ ਵਿਚ। ਜਵਾਰਭਾਟੇ ਵੀ ਉਸ ਦੇ ਵਿਚ ਹੀ ਨੇ, ਲਹਿਰਾਂ ਵੀ ਉਹਦੇ ਵਿਚ ਹੀ ਨੇ। ਉਹਦੀ ਆਪਣੀ ਮੌਜ ਹੈ, ਹਵਾ ਨਾਲ ਖੇਲ੍ਹ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਪ੍ਰਮੇਸ਼ਰ ਹੈ, ਇਹ ਆਪਣੀ ਮੌਜ ਵਿਚ ਖੇਲ੍ਹ ਕਰ ਰਿਹਾ ਹੈ। ਇਹਦੇ ਵਿਚ ਜਿਹੜਾ ਜੀਵ ਹੈ, ਸਾਡਾ ਜਿਥੇ ਤਕ ਸਬੰਧ ਹੈ। ਉਹ ਇਹ ਹੈ ਕਿ ਅਸੀਂ ਉਹਦੇ ਨਾਲੋਂ ਵੱਖਰੇ ਹੋ ਬੈਠੇ। ਗੁਰੂ ਮੀਡੀਆ ਹੈ, ਰੱਬ ਤੇ ਜੀਵ ਦੇ ਵਿਚ, ਹੈਗਾ ਇਹ ਵੀ ਵਾਹਿਗੁਰੂ ਹੀ। ਇਹ ਅਦ੍ਵੈਤ ਰੂਪ ਧਾਰ ਕੇ, ਗੁਰੂ ਬਣ ਕੇ ਜੀਵ ਨੂੰ ਲੰਘਾਉਣਾ ਚਾਹੁੰਦਾ ਹੈ। ਇਹਨੂੰ ਦਸਦਾ ਹੈ ਕਿ ਤੇਰਾ ਅਸਿੱਤਤ੍ਵ ਨ ਨਹੀਂ ਹੈ ਕੋਈ ਵੀ। ਝੂਠੀ ਮੈਂ ਨੂੰ ਫੜ ਲਿਆ, ਇਹਦਾ ਨਤੀਜਾ ਇਹ ਹੈ ਕਿ ਤੂੰ ਜੰਮਦਾ ਹੈਂ, ਮਰਦਾ ਹੈਂ। ਤੂੰ ਸੱਚੀ ਮੈਂ ਨੂੰ ਤਾਂ ਪਛਾਣ। ਇਥੇ ਹੀ ਸੁਰਤ ਰੱਖਿਓ, ਇਸ ਤੋਂ ਅੱਗੇ ਮਹਾਰਾਜ ਨੇ ਚਾਹਿਆ ਤਾਂ ਅੱਗੇ ਇਹ ਵਿਸ਼ਾ ਪੂਰਾ ਕਰਾਂਗੇ।

ਸੋ ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 727)***

# ਜਨ ਪਰਉਪਕਾਰੀ ਆਏ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥*
*ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥*
*ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥*
*ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥*
*ਅਨਹਤ ਬਾਣੀ ਗੁਰ ਸਬਦਿ ਜਾਣੀ*
*ਹਰਿ ਨਾਮੁ ਹਰਿ ਰਸੁ ਭੋਗੋ ॥*
*ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥*
*ਅੰਗ - ੯੨੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ ਸਾਡੇ ਸਾਰਿਆਂ ਦੇ ਜੀਵਨ ਦੇ ਅੰਦਰ ਕਿ ਇਸ ਪਵਿੱਤਰ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ, ਇਸ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ, ਉਹਨਾਂ ਦਾ ਸਰੀਰਕ ਜਨਮ ਦਿਹਾੜਾ ਸਾਰੀਆਂ ਸੰਗਤਾਂ ਵਲੋਂ ਬਹੁਤ ਸ਼ਰਧਾ ਤੇ ਪਿਆਰ ਨਾਲ, ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਐਸਾ ਚਾਅ ਕਿ -

*ਨਾਨਕ ਭਗਤਾ ਸਦਾ ਵਿਗਾਸੁ ॥* *ਅੰਗ- ੨*

ਖੁਸ਼ੀ-ਖੇੜਾ, ਅਨੰਦ ਇਹ ਗੁਰੂ ਤੋਂ ਮਿਲਦਾ ਹੈ। ਮਹਾਂਪੁਰਸ਼ਾਂ ਦੇ ਜਨਮ ਦੀ ਖੁਸ਼ੀ ਮਨਾਈ ਜਾਂਦੀ ਹੈ। 17 ਜੂਨ ਨੂੰ ਮਹਾਂਪੁਰਸ਼ਾਂ ਦਾ ਜਨਮ ਦਿਹਾੜਾ ਮਨਾਇਆ ਗਿਆ ਸੀ। ਮਹਾਂਪੁਰਸ਼ ਕੋਈ ਵੀ ਨਹੀਂ ਚਾਹੁੰਦਾ, ਪਰ ਇਹ ਦਿਨ ਸੰਗਤਾਂ ਦੀ ਭਾਵਨਾ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਬੀਜੀ ਦਾ ਜਨਮ 8 ਅਗਸਤ, 1918 ਨੂੰ ਨਗਰ ਦਾਉਦਪੁਰ ਦੇ ਵਿਚ, ਬਹੁਤ ਹੀ ਮਹਾਨ ਤਪੱਸਵੀ, ਸੰਤ ਬਾਬਾ ਹੀਰਾ ਸਿੰਘ ਜੀ, ਉਹਨਾਂ ਦੇ ਜੀਵਨ ਸਾਥੀ ਬੀਜੀ ਦੇ ਮਾਤਾ ਜੀ, ਮਾਤਾ ਹਰਨਾਮ ਕੌਰ ਜੀ ਦੀ ਕੁੱਖ ਤੋਂ ਭਾਗ ਲੱਗੇ। ਬੀਜੀ ਦੇ ਪਿਤਾ ਜੀ ਨੂੰ ਪਹਿਲਾਂ ਹੀ ਪਤਾ ਸੀ ਕਿ ਐਸੀ ਬਖਸ਼ੀ ਰੂਹ ਆ ਰਹੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਹੀ ਸਖ਼ਤੀ ਤੇ ਕੱਟੜਤਾ ਦੇ ਨਾਲ ਪਹਿਰਾ ਦਿਤਾ ਹੈ। ਉਹਨਾਂ ਨੂੰ ਵੀ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਬੀਜੀ ਦੇ ਪਿਤਾ ਜੀ ਨੂੰ 'ਸੰਤ' ਹੀਰਾ ਸਿੰਘ ਜੀ ਦਾਉਦਪੁਰੀ ਅੱਖਰ ਲਾ ਕੇ ਲਿਖਣਾ ਪਿਆ। ਉਹਨਾਂ ਦੇ ਜੀਵਨ ਨੂੰ ਪਰਖ ਕੇ ਹੀ ਆਪ ਨੇ ਲਿਖਿਆ। 'ਆਤਮ ਮਾਰਗ' ਮੈਗਜ਼ੀਨ ਵਿਚ ਵੀ 'ਰੰਗਲੇ ਸੱਜਣ' ਪੁਸਤਕ ਛਪਦੀ ਰਹੀ ਹੈ। ਸਮੇਂ-ਸਮੇਂ ਐਸੇ ਰੰਗਲੇ ਮਹਾਂਪੁਰਸ਼ਾਂ ਦਾ ਜੀਵਨ ਉਹਨਾਂ ਆਪ ਕਲਮਬੱਧ ਕੀਤਾ। ਦੇਖ ਕੇ, ਪਰਖ ਕੇ, ਐਵੇਂ ਤਾਂ ਲਿਖਿਆ ਨਹੀਂ। ਸੰਤ ਬਾਬਾ ਹੀਰਾ ਸਿੰਘ ਜੀ ਭਗਤੀ, ਸ਼ਕਤੀ ਪੂਰੀ ਤਰ੍ਹਾਂ ਨਾਲ ਸੰਪੰਨ ਮਹਾਂਪੁਰਸ਼ ਜਿਨ੍ਹਾਂ ਦੇ ਅੰਮ੍ਰਿਤ ਛਕਾਉਣ ਦੇ ਸਮੇਂ, ਕਰਤਾਰ ਸਿੰਘ, ਡੱਲ੍ਹੇਵਾਲ ਦਾ ਦਸਵੀਂ ਜਮਾਤ ਦਾ ਵਿਦਿਆਰਥੀ, ਜਿਸ ਦੀ ਸੁਰਤੀ ਅੰਮ੍ਰਿਤ ਛਕਾਉਣ ਲੱਗੇ ਐਨੀ ਉੱਚੀ ਚੁੱਕ ਦਿਤੀ, ਸ਼ਬਦ ਨਾਲ ਜੋੜ ਦਿਤੀ। ਉਸਨੂੰ 56 ਘੰਟੇ ਬਾਅਦ ਸੁਰਤ ਆਈ।

ਗੁਰੂ ਘਰ ਵਿਚ ਗੁਰਮੰਤ੍ਰ ਦੇ ਕੇ ਗੁਰੂ ਨਾਲ ਜੋੜਦੇ ਹਨ। ਪੰਜ ਪਿਆਰੇ, ਮੂਲਮੰਤ੍ਰ ਦ੍ਰਿੜ੍ਹ ਕਰਵਾਉਂਦੇ ਨੇ। ਗੁਰਮੰਤ੍ਰ ਦੀ ਫੇਰ ਕਮਾਈ ਕੀਤੀ ਜਾਂਦੀ ਹੈ। ਗੁਰੂ ਨਾਮ ਨਹੀਂ ਦਿੰਦਾ, ਨਾਮ ਤਾਂ ਅੰਦਰੋਂ ਪ੍ਰਗਟ ਹੁੰਦਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਸੋ ਇਸ ਤਰ੍ਹਾਂ ਦੇ ਨਾਲ ਅੰਮ੍ਰਿਤ ਛਕਾਉਣ ਸਮੇਂ ਹੀ ਬੱਚੇ ਦੀ ਸਮਾਧੀ ਲਗ ਗਈ। ਬਹੁਤ ਜਲਾਲ ਦੇ ਵਿਚ ਆ ਕੇ ਜਦੋਂ ਉਹਨਾਂ ਨੇ ਛਿੱਟਾ ਮਾਰਿਆ, ਬੋਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।' ਉਸੇ ਵੇਲੇ ਉਸ ਬੱਚੇ ਦੀ ਸਮਾਧੀ ਲਗ ਗਈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੁੱਛਿਆ ਕਿ ਹੁਣ ਕੀ ਹੋਏਗਾ? ਕਹਿਣ ਲੱਗੇ ਕਿ 56 ਘੰਟੇ ਬਾਅਦ ਇਹਦੀ ਸੁਰਤ ਸਰੀਰ ਵਿਚ ਆਵੇਗੀ। ਸ੍ਰੀ ਅਖੰਡ ਪਾਠ ਰੱਖੇ ਗਏ, ਬੱਚੇ ਨੂੰ ਇਕ ਪਾਸੇ ਕਰਕੇ ਬਿਠਾ ਦਿਤਾ ਗਿਆ, ਜਦੋਂ 48

ਘੰਟੇ ਹੋਏ, 8 ਘੰਟੇ ਰਹਿ ਗਏ, ਉਸ ਵਿਚ ਭਾਈ ਸਾਹਿਬ ਜੀ ਨੇ ਅਖੰਡ ਕੀਰਤਨ ਕੀਤਾ। ਉਹ ਬੱਚਾ 56 ਘੰਟੇ ਬਾਅਦ ਹਿਲਿਆ। ਬਾਬਾ ਹੀਰਾ ਸਿੰਘ ਜੀ ਕਹਿਣ ਲੱਗੇ ਕਿ ਭਾਈ! ਹੁਣ ਲਾਵਾਂ ਦਾ ਕੀਰਤਨ ਕਰੋ, ਇਸ ਦੀ ਰੂਹ ਸੰਜੋਗ ਮੰਗ ਰਹੀ ਹੈ। ਕਿੱਡੀ ਕ੍ਰਿਪਾ ਹੋਈ ਕਿ ਉਹ ਬੱਚਾ ਸੰਗਤ ਦੇ ਉਤੋਂ ਦੀ ਜਿਵੇਂ ਹਵਾਈ ਜਹਾਜ਼ ਅਸਮਾਨ 'ਚ ਉਡਦਾ ਹੈ, ਇਸ ਤਰ੍ਹਾਂ ਦੇ ਐਨੀ ਐਨਰਜੀ ਉਸ ਵਿਚ ਆਈ ਕਿ ਸਾਰਿਆਂ ਦੇ ਉਤੋਂ ਦੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੇ ਸਾਮ੍ਹਣੇ ਡੰਡਵਤ ਪ੍ਰਣਾਮ ਕੀਤਾ। ਸੋ ਐਸੀ ਕਰਨੀ ਕਮਾਈ ਦੇ ਮਾਲਕ ਬਾਬਾ ਹੀਰਾ ਸਿੰਘ ਜੀ ਅਲੌਕਿਕ ਬਾਤਾਂ ਰੰਗਲੇ ਸੱਜਣ ਪੁਸਤਕ ਵਿਚ ਵੀ ਲਿਖਤ ਹਨ।

ਦੂਸਰਾ ਉਹਨਾਂ ਦੇ ਜੀਵਨ ਸਾਥੀ ਮਾਤਾ ਹਰਨਾਮ ਕੌਰ ਜੀ। ਪੜ੍ਹੇ ਲਿਖੇ ਨਾ ਹੋਣ ਦੇ ਬਾਵਜੂਦ ਵੀ ਕਈ ਬਾਣੀਆਂ ਉਹਨਾਂ ਦੇ ਜ਼ੁਬਾਨੀ ਕੰਠ ਸਨ। ਚੁਬਾਰੇ ਦੇ ਬਨ੍ਹੇਰੇ 'ਤੇ ਅੰਮ੍ਰਿਤ ਵੇਲੇ ਬੈਠ ਜਾਣਾ, ਉੱਚੀ-ਉੱਚੀ ਬਾਣੀ ਗਾ-ਗਾ ਕੇ ਪੜ੍ਹਨੀ। ਸਾਰੇ ਪਿੰਡ ਨੇ ਜਾਗ ਜਾਣਾ। ਮਹਾਂਪੁਰਸ਼ ਜਗਾਉਂਦੇ ਹੀ ਨੇ। ਸਾਰਿਆਂ ਨੂੰ ਨਾਮ ਜਪਣ ਲਾ ਦੇਣਾ।

ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਪੈਦਲ ਕਰਕੇ ਆਏ। ਐਸੀਆਂ ਬਖਸ਼ੀਆਂ ਰੂਹਾਂ ਦੇ ਘਰ ਵੀ ਬਖਸ਼ੀ ਰੂਹ ਦਾ ਹੀ ਆਉਣਾ ਹੋਇਆ। ਕਿਉਂਕਿ ਜਦੋਂ ਬਾਬਾ ਹੀਰਾ ਸਿੰਘ ਜੀ ਇਕ ਦਿਨ ਧਮੋਟ ਜਾਂਦੇ ਹਨ ਤਾਂ 8 ਸਾਲ ਪਹਿਲਾਂ ਹੀ ਮਹਾਂਪੁਰਸ਼ਾਂ ਦੇ ਘਰ ਜਾ ਕੇ ਰਿਸ਼ਤਾ ਪੱਕਾ ਕਰ ਆਏ। ਬੀਜੀ ਤੋਂ ਵੱਡੀ ਭੈਣ ਵੀ ਸੀ। ਜਦੋਂ ਕਿਹਾ ਕਿ ਉਹਦਾ ਰਿਸ਼ਤਾ? ਤਾਂ ਕਹਿੰਦੇ, ਉਹਨੇ ਤਾਂ 24 ਕੁ ਸਾਲ ਦੀ ਉਮਰ ਵਿਚ ਹੀ ਵਿਧਵਾ ਹੋ ਜਾਣਾ ਹੈ।

ਓਧਰ ਜਥੇਦਾਰ ਕਰਤਾਰ ਸਿੰਘ ਜੀ, ਮਹਾਂਪੁਰਸ਼ਾਂ ਦੇ ਪਿਤਾ ਜੀ ਨੂੰ ਬਾਬਾ ਹੀਰਾ ਸਿੰਘ ਜੀ ਨੇ ਕਿਹਾ ਕਿ ਤੁਹਾਡੇ ਘਰ ਇਕ ਬਖਸ਼ੀ ਰੂਹ ਨੇ ਜਨਮ ਲੈਣਾ ਹੈ। 17 ਜੂਨ 1918 ਨੂੰ ਮਹਾਂਪੁਰਸ਼ਾਂ ਨੇ ਸਰੀਰ ਧਾਰਨ ਕੀਤਾ। 8 ਅਗਸਤ 1918 ਨੂੰ ਬੀਜੀ ਨੇ ਜਨਮ ਧਾਰਨ ਕਰਿਆ ਕਿਉਂਕਿ ਮਹਾਂਪੁਰਸ਼ ਸੰਸਾਰ 'ਤੇ ਆਉਂਦੇ ਹੀ ਪਰਉਪਕਾਰ ਵਾਸਤੇ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

ਇਸ ਤਰ੍ਹਾਂ ਦੇ ਨਾਲ 8 ਅਗਸਤ ਦਾ ਦਿਨ ਸਾਡੇ ਜੀਵਨ ਵਿਚ ਭਾਗਾਂ ਵਾਲਾ ਦਿਨ ਬਣ ਗਿਆ। ਕਿਉਂਕਿ ਮਹਾਂਪੁਰਸ਼ ਜੀਵਨ ਦਾਨ ਬਖਸ਼ਿਸ਼ ਕਰਦੇ ਹਨ।

13 ਸਾਲ ਦੀ ਉਮਰ ਵਿਚ ਆਪ ਜੀ ਧਮੋਟ ਆ ਜਾਂਦੇ ਹਨ। ਸੀ ਆਪ ਦੀ ਭਾਵੇਂ ਉਮਰ ਛੋਟੀ, ਪਰ ਗਿਆਨ ਬਹੁਤ ਪਰਪੱਕ ਸੀ। ਜਦੋਂ ਮਹਾਂਪੁਰਸ਼ਾਂ ਦੇ ਦਾਦਾ ਜੀ ਨੇ ਬਾਬਾ ਦਿਆਲ ਸਿੰਘ ਜੀ ਨੇ ਸਰੀਰ ਦਾ ਪ੍ਰਤਿਆਗ ਕੀਤਾ, ਉਸ ਸਮੇਂ ਇਨ੍ਹਾਂ ਦੀ ਪਵਿੱਤਰ ਗੋਦ ਵਿਚ ਸੀਸ ਸੀ ਜਦੋਂ ਉਹਨਾਂ ਨੇ ਅੰਤਮ ਸਵਾਸ ਲਏ, ਕਿਉਂਕਿ ਨਾਮ ਜਪਦੇ-ਜਪਾਉਂਦੇ ਸ਼ੁਰੂ ਤੋਂ ਹੀ ਬਖਸ਼ੀ ਰੂਹ ਸਨ ਆਪ। 18 ਸਾਲ ਤੱਕ ਤਾਂ ਕਹਿੰਦੇ ਸਾਨੂੰ ਗ੍ਰਹਿਸਤ ਦੇ ਮਾਮਲੇ, ਝਮੇਲੇ ਹਨ, ਇਨ੍ਹਾਂ ਬਾਰੇ ਕੁਝ ਪਤਾ ਹੀ ਨਹੀਂ ਸੀ।

ਮਹਾਂਪੁਰਸ਼ ਰਾੜਾ ਸਾਹਿਬ ਵਾਲੇ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਉਸ ਸਮੇਂ ਬਹੁਤ ਤਪ ਕਰਦੇ। ਚਾਰ ਫੁੱਟ ਮੁਰੱਬੇ ਦੀ ਇਕ ਛੱਪਰੀ ਪਾਈ ਹੁੰਦੀ। ਉਹਦੇ ਵਿਚ ਤਪੱਸਿਆ ਕਰਦੇ ਹੁੰਦੇ। ਹੋਰ ਵੀ ਬਹੁਤ ਪ੍ਰੇਮੀ ਉਸ ਸਮੇਂ ਨਾਲ ਹੁੰਦੇ, ਉਸ ਵਿਚੋਂ ਆਪਣੇ ਮਹਾਰਾਜ ਜੀ ਵੀ, ਨਗਰ ਧਮੋਟ ਤੋਂ ਨਾਲ ਜਾ ਕੇ ਸੇਵਾ ਕਰਦੇ ਹਨ। ਬੀਜੀ ਵੀ ਉਥੇ ਚਲੇ ਜਾਂਦੇ ਸਨ। ਪਰ ਵੱਡੇ ਮਹਾਂਪੁਰਸ਼ਾਂ ਦੇ ਅਸੂਲ ਅੱਜ ਵੀ ਉਨ੍ਹਾਂ ਨੂੰ ਅਪਣਾਇਆ ਜਾ ਰਿਹਾ ਹੈ ਕਿਉਂਕਿ ਸੰਪਰਦਾਵਾਂ ਅਸੂਲਾਂ ਨਾਲ ਚਲਦੀਆਂ ਹਨ। ਉਥੇ ਕੋਈ ਗ੍ਰਹਿਸਤੀ ਪਰਿਵਾਰ ਨਹੀਂ ਰਹਿ ਸਕਦਾ। ਕਿਉਂਕਿ ਉਥੇ ਤਪੀ ਪੁਰਸ਼ ਤਪ ਕਰਨ ਸੇਵਾ ਕਰਨ, ਸਿਮਰਨ ਕਰਨ। ਜਦੋਂ ਬੀਜੀ ਨੇ ਬੇਨਤੀ ਕੀਤੀ ਕਿ ਮੈਂ ਵੀ ਇਥੇ ਆ ਕੇ ਹੀ ਰਹਿਣਾ ਹੈ ਕਿਉਂਕਿ ਮੇਰਾ ਪਤੀ ਵੀ, ਮੇਰਾ ਪ੍ਰਮੇਸ਼ਰ ਵੀ, ਮੇਰਾ ਸੰਤ ਵੀ ਇਹੀ ਹਨ। ਮੈਂ ਵੀ ਇਥੇ ਰਹਿ ਕੇ ਲੰਗਰ ਦੇ ਵਿਚ ਬਰਤਨਾਂ ਦੀ ਸੇਵਾ ਕਰੀ ਜਾਵਾਂਗੀ। ਪਰ ਮਹਾਂਪੁਰਸ਼ ਅਸੂਲ ਤੇ ਚਲਦੇ। ਉਹਨਾਂ ਨੇ ਮਹਾਂਪੁਰਸ਼ਾਂ ਨੂੰ ਵਾਪਸ ਭੇਜ ਦਿਤਾ। ਬੀਜੀ ਕਹਿਣ ਲੱਗੇ, ਸੰਤ ਮਹਾਰਾਜ ਜੀ ਨੂੰ ਕਿ ਤੁਹਾਡੀ ਅਮਾਨਤ ਹਨ ਇਹ, ਮੈਂ ਵਾਪਸ ਕਰ ਦੇਵਾਂਗੀ। ਫੇਰ ਸਿੰਧ 'ਚ ਵੀ ਰਹੇ, ਬੀਜੀ ਉਥੇ ਵੀ ਨਾਲ ਗਏ। ਮਹਾਂਪੁਰਸ਼ 9 ਮਹੀਨੇ ਭੌਰੇ 'ਚ ਬੈਠਣ

ਲੱਗੇ ਸਨ। ਬੀਜੀ ਨੇ ਰੋਕਿਆ ਕਹਿੰਦੇ –

*ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥*
*ਜੇ ਘਰਿ ਘਰਿ ਹੰਢੈ ਮੰਗਦਾ*
*ਧਿਗੁ ਜੀਵਣੁ ਧਿਗੁ ਵੇਸੁ ॥* ਅੰਗ- ੫੫੦

ਆਪਾਂ ਇਸ ਤਰ੍ਹਾਂ ਨਹੀਂ ਕਰਨਾ। ਦਾਤਾ ਪਦ 'ਚ ਰਹਿਣਾ ਹੈ। ਦੂਜਿਆਂ ਦੇ ਮੁਹਥਾਜ ਹੋ ਕੇ ਨਹੀਂ ਰਹਿਣਾ। ਸੋ ਸਿੰਧ ਵਿਚ ਬੀਜੀ ਵੀ ਰਹੇ, ਉਥੇ ਕਿੰਨਿਆਂ ਨੂੰ ਗੁਰਮੁਖੀ ਪੜ੍ਹਾਈ। ਉਸ ਇਲਾਕੇ 'ਚ ਮਹਾਂਪੁਰਸ਼ਾਂ ਨੇ ਪ੍ਰਚਾਰ ਕੀਤਾ। ਫੇਰ ਫੌਜ ਵਿਚ ਗਏ। ਉਥੇ ਵੀ ਨਾਲ ਬੀਜੀ ਰਹੇ। ਉਥੇ ਬੀਬੀਆਂ ਨੂੰ ਵੀ ਗੋਲੀ ਚਲਾਉਣ ਦੀ ਟਰੇਨਿੰਗ ਦਿਤੀ ਜਾਂਦੀ ਸੀ। ਇਸ ਤਰ੍ਹਾਂ ਬੀਜੀ ਹਰ ਪੱਖ 'ਚ, ਹਰ ਖੇਤਰ 'ਚ ਮਹਾਂਪੁਰਸ਼ਾਂ ਦੇ ਨਾਲ ਰਹੇ। ਫੇਰ ਯੂ.ਪੀ ਸੰਤ ਮਹਾਰਾਜ ਜੀ ਦੇ ਬਚਨਾਂ ਨਾਲ ਚਲੇ ਗਏ। 1966 ਵਿਚ 24 ਸਾਲ ਦੀ ਸਰਵਿਸ ਛੱਡ ਕੇ, ਉਸ ਤੋਂ ਪਹਿਲਾਂ ਹੀ ਬੀਜੀ ਯੂ.ਪੀ ਜਾਂਦੇ ਹਨ। ਉਸ ਵੇਲੇ ਯੂ.ਪੀ ਦੇ ਵਿਚ ਲੋਕਾਂ ਦੇ ਜੀਵਨ ਐਸੇ ਸਨ ਕਿ ਸ਼ਰਾਬਾਂ ਘਰ ਕੱਢਦੇ ਸਨ, ਲੜਾਈਆਂ ਝਗੜੇ ਆਪਸ ਵਿਚ ਕਰਦੇ। ਬੀਜੀ ਨੇ ਮਹਾਂਪੁਰਸ਼ਾਂ ਤੋਂ ਪਹਿਲਾਂ ਪਹੁੰਚ ਕੇ ਸਾਰਾ ਕੰਮ ਕਾਜ ਸੰਭਾਲਣਾ। ਤਰਾਈ ਸਿੱਖ ਮਿਸ਼ਨ ਕਾਇਮ ਕੀਤਾ। ਯੂ.ਪੀ ਤੋਂ ਕਿੰਨੀ ਤਦਾਦ ਦੇ ਵਿਚ ਸੰਗਤਾਂ ਹਰ ਸਮਾਗਮਾਂ 'ਤੇ ਪਹੁੰਚਦੀਆਂ ਹਨ। ਕਿਤੇ ਵੀ ਕਾਰਸੇਵਾ ਚਲਦੀ ਹੋਵੇ ਸਹਿਯੋਗ ਦਿੰਦੀਆਂ ਹਨ। ਬੀਜੀ ਨੇ ਘਰ ਵਿਚ ਹੀ ਰਹਿ ਕੇ ਵੱਡੇ ਮਹਾਂਪੁਰਸ਼ਾਂ ਦੇ ਬਚਨ ਕਮਾਏ। ਤਰਾਈ ਦੇ ਇਲਾਕੇ ਵਿਚ ਘਰ-ਘਰ ਜਾ ਕੇ, ਨਾ ਕੋਈ ਸਾਧਨ, ਕਿੱਡੇ ਪਰਉਪਕਾਰ ਕੀਤੇ। ਕਿੰਨਿਆਂ ਨੂੰ ਅੰਮ੍ਰਿਤ ਛਕਾਏ। ਪਿਆਰ ਦੇ ਨਾਲ ਸਾਰਿਆਂ ਨੂੰ ਗੁਰੂ ਨਾਲ ਜੋੜਿਆ। ਅੱਜ ਸਿੱਖੀ ਦਾ ਲਾਇਆ ਬੂਟਾ ਕਿੰਨਾ ਵੱਡਾ ਹੋ ਗਿਆ। ਕਿੰਨੀਆਂ ਸੇਵਾਵਾਂ ਚਲ ਰਹੀਆਂ ਹਨ।

1978 ਵਿਚ ਜਦੋਂ ਚੰਡੀਗੜ੍ਹ ਆਏ। ਇਥੇ ਪਿੰਡਾਂ ਵਿਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਸਿੱਖੀ ਕੀ ਹੁੰਦੀ ਹੈ। ਬਹੁਤ ਮੁਸ਼ਕੱਤ ਮਹਾਂਪੁਰਸ਼ਾਂ ਨੇ ਘਾਲੀ। ਇਕ ਦਿਨ ਵਿਚ ਚਾਰ-ਚਾਰ ਦੀਵਾਨ ਲਗਦੇ। ਰਾਤ ਨੂੰ 1 ਵਜੇ ਤਕ ਘਰ ਪਹੁੰਚਦੇ। ਰਾਤ ਨੂੰ ਆ ਕੇ ਬੀਜੀ ਨੇ ਮਹਾਂਪੁਰਸ਼ਾਂ ਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਉਣਾ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਸ਼ੁਰੂ-ਸ਼ੁਰੂ ਵਿਚ ਲੋਕਾਂ ਨੂੰ ਸਿੱਖੀ ਦਾ ਗਿਆਨ ਨਾ ਹੋਣ ਕਰਕੇ, ਦੀਵਾਨ ਵਿਚ ਨਾ ਆ ਕੇ, ਘਰਾਂ ਦੇ ਬਨੇਰਿਆਂ 'ਤੇ ਬੈਠ ਕੇ ਸੁਣਦੇ ਹੁੰਦੇ। ਬੀਜੀ ਨੇ ਫੜ-ਫੜ ਕੇ ਲਿਆਉਣੇ, ਗੁਰੂ ਪਾਤਸ਼ਾਹ ਦੀ ਹਜ਼ੂਰ ਵਿਚ ਬਿਠਾਉਣੇ। ਬੀਬੀਆਂ ਨੂੰ ਵੀ ਪਿਆਰ ਨਾਲ ਲੈ ਕੇ ਆਉਣਾ ਦੀਵਾਨ ਵਿਚ। ਸਾਰਾ ਖਰਚਾ ਮਹਾਂਪੁਰਸ਼ ਪੱਲਿਓ ਕਰਦੇ ਸੀ। ਆਪ ਨੇ ਆਪਣਾ ਫਾਰਮ ਵੇਚਿਆ ਸੀ, ਇਥੇ ਹੀ ਲਾ ਦਿਤਾ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* ਅੰਗ- ੯੧੮

ਐਸਾ ਜੀਵਨ ਸੀ ਮਹਾਂਪੁਰਸ਼ਾਂ ਤੇ ਬੀਜੀ ਦਾ। ਜਿੰਨੇ ਵੀ ਸਿਰੋਪੇ ਮਿਲਣੇ ਸਾਰੇ ਰਾੜਾ ਸਾਹਿਬ ਦੇ ਆਉਂਦੇ। ਛੋਟੇ ਸੰਤ ਮਹਾਰਾਜ (ਸੰਤ ਕਿਸ਼ਨ ਸਿੰਘ ਜੀ ਮਹਾਰਾਜ) ਉਸ ਸਮੇਂ ਸਰੀਰ ਵਿਚ ਸੀ, ਉਹ ਕਹਿਣ ਲੱਗੇ, ਉਥੇ ਹੀ ਲਾ ਲਿਆ ਕਰੋ। 1986 ਦੇ ਵਿਚ ਜਦੋਂ ਰਤਵਾੜਾ ਸਾਹਿਬ ਹੋਂਦ ਵਿਚ ਆਇਆ। ਰਤਵਾੜਾ ਪਿੰਡ, ਪੈਂਤਪੁਰ ਤੇ ਚਾਹੜ ਮਾਜਰਾ ਦੇ ਪ੍ਰੇਮੀਆਂ ਵਲੋਂ ਭੂਮੀ ਦਾਨ ਦਾ ਯੋਗਦਾਨ ਹੋਇਆ। ਉਸ ਸਮੇਂ ਫੇਰ ਇਥੋਂ ਪਰਉਪਕਾਰ ਦੇ ਕਾਰਜ ਸ਼ੁਰੂ ਹੋ ਗਏ। ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦੀ ਗਿਣਤੀ ਕਰਨੀ ਬਹੁਤ ਔਖੀ ਹੈ। ਮਹਾਂਪੁਰਸ਼ ਕਿਤੇ ਜਾਂਦੇ ਨਹੀਂ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥* ਅੰਗ- ੭੪੯

ਉਹਨਾਂ ਦੀ ਕਲਾ ਵਰਤਦੀ ਹੈ। ਅੱਜ ਵੀ ਮਹਾਂਪੁਰਸ਼ ਦੇਸ਼ਾਂ-ਵਿਦੇਸ਼ਾਂ ਦੇ ਵਿਚ ਰੂਹਾਨੀਅਤ ਦਾ ਉਪਦੇਸ਼ ਦੇ ਰਹੇ ਹਨ ਕਿਉਂਕਿ ਰਾਗ ਤੇ ਦਵੈਸ਼ ਸੰਸਾਰ ਦੇ ਵਿਚ ਬਹੁਤ ਹੈ। ਪ੍ਰਮੇਸ਼ਰ ਦੇ ਸਿਮਰਨ ਨਾਲ ਇਹ ਕੱਟੇ ਜਾ ਸਕਦੇ ਹਨ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* ਅੰਗ- ੨੬੨

ਮਹਾਂਪੁਰਸ਼ ਅਦ੍ਵੈਤ ਦੇ ਸਿਧਾਂਤ 'ਤੇ ਚਲਦੇ ਨੇ।

*(ਬਾਕੀ ਪੰਨਾ 47 'ਤੇ)*

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਵਿਧੀ (ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾ ਕੀ ਦੇਹ)

*ਡਾ. ਸਰੂਪ ਸਿੰਘ ਅਲੱਗ*

ਸ੍ਰੀ ਗੁਰੂ ਗ੍ਰੰਥ ਸਾਹਿਬ ਇਨਸਾਨੀ ਨਸਲ ਦੇ ਸ਼ਬਦ ਰੂਪ ਗੁਰੂ ਹਨ ਪਥ ਪਰਦਰਸ਼ਕ ਹਨ ਜਿਨ੍ਹਾਂ ਵਿਚ 36 ਮਹਾਂਪੁਰਸ਼ਾਂ ਦੀ ਇਲਾਹੀ ਬਾਣੀ ਹੈ। ਇਨ੍ਹਾਂ 36 ਮਹਾਂਪੁਰਸ਼ਾਂ ਵਿਚੋਂ 6 ਸਿੱਖ ਗੁਰੂ ਸਾਹਿਬਾਨ ਹਨ, 15 ਭਾਰਤ ਵਰਸ਼ ਦੇ ਵੱਖ-ਵੱਖ ਖੇਤਰਾਂ ਵਿਚ 12ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤਕ ਵਿਚਰੇ ਭਗਤ ਜਨ ਹਨ ਜਿਨ੍ਹਾਂ ਵਿਚ ਹਿੰਦੂ ਵੀ ਹਨ ਤੇ ਮੁਸਲਮਾਨ ਵੀ ਹਨ, ਕਥਤ ਉਚੀਆਂ ਜਾਤੀਆਂ ਵਾਲੇ ਵੀ ਹਨ ਤੇ ਨੀਵੀਆਂ ਜਾਤਾਂ ਤੇ ਛੋਟੇ-ਛੋਟੇ ਕਾਰੋਬਾਰ ਕਰਨ ਵਾਲੇ ਵੀ ਹਨ। ਇਨ੍ਹਾਂ ਭਗਤ ਪੁਰਸ਼ਾਂ ਵਿਚੋਂ ਕਿਸੇ ਦੀ ਭਾਸ਼ਾ ਹਿੰਦੀ ਹੈ, ਕਿਸੇ ਦੀ ਬਿਰਜੀ, ਮਰਾਠੀ, ਠੇਠ ਪੰਜਾਬੀ ਜਾਂ ਸੰਤ ਭਾਸ਼ਾ ਹੈ। ਇਨ੍ਹਾਂ ਭਗਤਾਂ ਤੋਂ ਇਲਾਵਾ 4 ਗੁਰੂ ਘਰ ਦੇ ਅੰਨਿਨ ਸਿੱਖ ਸ਼ਰਧਾਲੂ ਹਨ ਅਤੇ 11 ਭੱਟ ਹਨ ਜੋ ਆਪਣੇ ਆਪ ਨੂੰ ਬ੍ਰਾਹਮਣ ਵਿਦਵਾਨ ਅਖਵਾਉਂਦੇ ਹਨ ਅਤੇ ਜੋ ਮੁੱਖ ਤੌਰ 'ਤੇ ਵੱਖ-ਵੱਖ ਥਾਵਾਂ ਦਾ ਭਰਮਣ ਕਰਕੇ ਧਾਰਮਿਕ ਬੈਠਕਾਂ, ਇਕੱਤਰਤਾਵਾਂ ਵਿਚ ਸ਼ਾਮਲ ਹੋ ਕੇ ਆਪਣੀ ਵਿਦਵਤਾ, ਗਿਆਨ ਤੇ ਡੂੰਘੇ ਅਨੁਭਵਾਂ ਰਾਹੀਂ ਮਾਨਵ ਸਮਾਜ ਨੂੰ ਪ੍ਰਮਾਤਮਾ ਦੀ ਹਸਤੀ ਨਾਲ ਜੋੜਨ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਇਨ੍ਹਾਂ ਸਾਰੇ ਪ੍ਰਭੂ ਪ੍ਰੇਮੀਆਂ ਦੀ ਬਾਣੀ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਇਕੱਤਰ ਕਰਨ ਦਾ ਸਿਲਸਿਲਾ ਚਲ ਪਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਲੱਗਭੱਗ 39 ਹਜ਼ਾਰ ਕਿਲੋਮੀਟਰ ਦਾ ਭ੍ਰਮਣ ਕਰਕੇ ਉਸ ਸਮੇਂ ਦੇ ਵਿਸ਼ਵ ਸਮਾਜ ਨੂੰ ਅਕਾਲ ਪੁਰਖ ਦੀ ਪਰਮ ਸ੍ਰੇਸ਼ਟ ਵਡੱਤਣ ਦੀ ਸੋਝੀ ਕਰਵਾਈ ਤੇ ਧਰਮ ਦੇ ਸਹੀ ਅਰਥਾਂ ਦਾ ਬੋਧ ਕਰਵਾਇਆ। ਆਪਣੀਆਂ ਚਾਰ ਉਦਾਸੀਆਂ (ਲੰਮੀ ਫੇਰੀਆਂ) ਦੌਰਾਨ ਜਿਨ੍ਹਾਂ ਨੂੰ ਉਨ੍ਹਾਂ ਨੇ ਮੁਕੰਮਲ ਕਰਨ ਵਿਚ ਤਕਰੀਬਨ 24 ਸਾਲ ਤਕ ਲੰਮਾ ਸਫ਼ਰ ਕੀਤਾ, ਉਨ੍ਹਾਂ ਨੇ ਕਈ ਪ੍ਰਕਾਰ ਦੇ ਸਾਧੂਆਂ, ਸੰਤਾਂ, ਭਗਤਾਂ ਨਾਲ ਸੰਪਰਕ ਸਥਾਪਿਤ ਕੀਤਾ ਅਤੇ ਵਿਚਾਰਾਂ ਦਾ ਆਦਾਨ ਪਰਦਾਨ ਕਰਕੇ ਹਰ ਖੇਤਰ ਵਿਚ ਕ੍ਰਾਂਤੀਕਾਰੀ ਸੋਚ ਨੂੰ ਬੜਾਵਾ ਦਿਤਾ। ਇਸ ਦੌਰਾਨ ਉਨ੍ਹਾਂ ਆਪਣੇ ਵਲੋਂ ਜੋ ਵੀ 'ਧੁਰ ਕੀ ਬਾਣੀ' ਰਚੀ ਉਸ ਨੂੰ ਉਹ ਇਕੱਤਰ ਕਰਦੇ ਰਹੇ, ਗਾ-ਗਾ ਕੇ ਮਾਨਵ ਜਾਤ ਨੂੰ ਸੁਣਾ ਕੇ ਉਸ ਦੇ ਕਪਾਟ ਖੋਲ੍ਹਦੇ ਰਹੇ ਤੇ ਜਨ ਸਮੂੰਹ ਨੂੰ ਆਪਣੇ ਵਿਚਾਰਾਂ ਤੇ ਇਲਾਹੀ ਬਾਣੀ ਨਾਲ ਜੋੜਦੇ ਰਹੇ। ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ ਭਾਰਤੀ ਸੰਤਾਂ ਦੀ ਰਚੀ ਜੋ ਬਾਣੀ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੇ ਅਨੁਕੂਲ ਲੱਗੀ ਉਸ ਨੂੰ ਵੀ ਇਕੱਤਰ ਕਰਦੇ ਰਹੇ। ਇਸ ਤਰ੍ਹਾਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਦਾ ਅਮਲ ਉਨ੍ਹਾਂ ਵਲੋਂ ਹੀ ਪ੍ਰਾਰੰਭ ਹੋ ਗਿਆ। ਗੁਰੂ ਸਾਹਿਬ ਦਾ ਮਿਸ਼ਨ ਮਾਨਵ ਜਾਤ ਨੂੰ ਸ਼ਬਦ ਗੁਰੂ ਨਾਲ ਜੋੜਨ ਦਾ ਸੀ ਤਾਂ ਕਿ ਲੁਕਾਈ ਭਰਮਾਂ ਵਹਿਮਾਂ ਦੇ ਵਿਅਰਥ ਚੱਕਰਾਂ ਵਿਚੋਂ ਨਿਕਲ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਲਗ ਸਕੇ ਜੋ ਸਾਡਾ ਸਾਰਿਆਂ ਦਾ ਪਾਲਣਹਾਰ ਹੈ, ਪਿਤਾ ਪਰਮੇਸ਼ਵਰ ਹੈ। ਉਨ੍ਹਾਂ ਨੇ ਸਿੱਧਾਂ ਨੂੰ ਇਹ ਗੱਲ ਸਪੱਸ਼ਟ ਰੂਪ ਵਿਚ ਕਹਿ ਦਿਤੀ ਸੀ ਕਿ ਉਨਹਾਂ ਦਾ ਗੁਰੂ ਕੇਵਲ ਤੇ ਕੇਵਲ 'ਸ਼ਬਦ' ਹੈ ਅਤੇ ਉਹ ਇਸ ਸ਼ਬਦ ਗੁਰੂ ਦੇ ਲੜ ਹੀ ਸਾਨੂੰ ਸਾਰਿਆਂ ਨੂੰ ਲਗਾਉਣਾ ਚਾਹੁੰਦੇ ਸਨ ਜਿਸ ਲਈ ਉਨ੍ਹਾਂ ਨੇ ਹਰ ਹੀਲਾ ਵਸੀਲਾ ਜੋੜਿਆ। ਆਪਣੇ ਜੋਤੀ ਜੋਤ ਸਮਾਉਣ ਸਮੇਂ ਉਨ੍ਹਾਂ ਨੇ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਉਹ ਪੋਥੀ ਭੇਂਟ ਕੀਤੀ ਜਿਸ ਵਿਚ ਉਨ੍ਹਾਂ ਦੀ ਆਪਣੀ ਤੇ ਕਈ ਭਗਤਾਂ ਸੰਤਾਂ ਦੀ ਬਾਣੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਜੋ ਬਾਣੀ ਰਚੀ ਉਹ ਵੀ ਇਸ ਪੋਥੀ ਵਿਚ ਇਕੱਤਰ ਕਰ ਦਿਤੀ ਗਈ ਤੇ ਇਸ ਬਾਣੀ ਦਾ ਹੀ ਗਾਇਨ ਹੋਣ ਲਗ ਪਿਆ। ਗੁਰੂ ਅੰਗਦ ਦੇਵ ਜੀ ਨੇ ਤਾਂ ਇਸ ਦੇ ਛੋਟੇ-ਛੋਟੇ ਗੁਟਕੇ ਤਿਆਰ ਕਰਕੇ ਸੰਗਤਾਂ ਵਿਚ ਇਸ ਦਾ ਪ੍ਰਸਾਰ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਤਾਂ ਇਸ ਬਾਣੀ ਨੂੰ ਬਹੁਤ ਮਹਾਨਤਾ ਪ੍ਰਾਪਤ ਹੋਣ ਲਗ ਪਈ। ਸ੍ਰੀ ਗੁਰੂ ਅਰਜਨ ਦੇਵ ਜੀ ਖੁਦ ਬਾਣੀ ਦੇ ਬੋਹਿਥ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਜਿਹੜੀ ਬਾਣੀ ਰਚੀ ਉਸ

ਦੇ 2218 ਸ਼ਬਦ ਸਨ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਕੁਝ ਸਵਾਰਥੀ ਤੇ ਚਤਰ ਮਨੁਖ ਲਾਲਚ ਵਸ, ਚੌਧਰ ਵਸ ਜਾਂ ਈਰਖਾ ਵਸ ਇਸ ਇਲਾਹੀ ਬਾਣੀ ਵਿਚ ਮਿਲਾਵਟ ਕਰਨ ਦੇ ਯਤਨ ਕਰਨ ਲਗ ਪਏ ਹਨ ਅਤੇ ਜੇਕਰ ਇਸ ਪਵਿੱਤਰ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਸ ਨੂੰ ਸਿੱਕੇਬੰਦ ਰੂਪ ਵਿਚ ਸੰਭਾਲਿਆ ਨਾ ਗਿਆ ਤਾਂ ਇਸ ਵਿਚ ਮਿਲਾਵਟ ਹੋ ਜਾਵੇਗੀ ਅਤੇ ਇਸ ਵਿਚ ਜੋ ਅਕਾਲਪੁਰਖ ਦੀ ਉਸਤਤੀ ਕਰਨ ਦਾ ਮੂਲ ਮਨੋਰਥ ਹੈ, ਉਸ ਵਿਚ ਰਲਗੱਡ ਹੋ ਜਾਣ ਕਾਰਨ ਮਨੁੱਖਤਾ ਫਿਰ ਭੰਬਲ ਭੂਸਿਆਂ ਵਿਚ ਪੈ ਜਾਵੇਗੀ। ਗੁਰੂ ਪਾਤਸ਼ਾਹ ਦੀ ਇਸ ਦੂਰ ਦ੍ਰਿਸ਼ਟਤਾ ਕਾਰਨ ਅਤੇ ਮਾਨਵਤਾ ਨੂੰ ਸ਼ਬਦ ਰੂਪ ਗੁਰੂ ਨਾਲ ਜੋੜਨ ਦੇ ਮਹਾਨ ਮਨਸੂਬੇ ਦੀ ਪੂਰਤੀ ਕਾਰਨ ਉਨ੍ਹਾਂ ਨੇ ਵਿਸ਼ੇਸ਼ ਪ੍ਰਯਤਨ ਕਰਕੇ ਜਿੱਥੇ-ਜਿੱਥੇ ਵੀ ਇਹ ਬਾਣੀ ਪਈ ਹੋਈ ਸੀ, ਉਥੋਂ ਇਹ ਪ੍ਰਾਪਤ ਕੀਤੀ ਅਤੇ ਫਿਰ ਰਾਮਸਰ ਅੰਮ੍ਰਿਤਸਰ ਦੇ ਅਸਥਾਨ ਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਇਕੱਠੀ ਹੋਈ ਸਾਰੀ ਬਾਣੀ ਦਾ ਨਰੀਖਣ ਕੀਤਾ ਅਤੇ ਉਸ ਨੂੰ ਇਕ ਬੱਝਵੀਂ ਤਰਤੀਬ ਵਿਚ ਤੇ ਰਾਗਾਂ ਅਨੁਸਾਰ ਸੰਪਾਦਨ ਕੀਤਾ। ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਜਾਣ ਵਾਲੀ ਬਾਣੀ ਨੂੰ ਆਪਣੇ ਮੁਖਾਰਬਿੰਦ ਦੁਆਰਾ ਉਚਾਰਦੇ ਰਹੇ ਤੇ ਭਾਈ ਗੁਰਦਾਸ ਜੀ ਇਸ ਨੂੰ ਕਲਮਬੰਦ ਕਰਦੇ ਰਹੇ। ਇਹ ਸ਼ਬਦ ਗੁਰੂ ਦੀ ਸਿਰਜਨਾ ਦਾ ਅਮਲ 1601 ਈ: ਵਿਚ ਹਰਿਮੰਦਰ ਸਾਹਿਬ ਦੀ ਸਿਰਜਨਾ ਸੰਪੰਨ ਹੋਣ ਤੇ ਪ੍ਰਾਰੰਭ ਹੋਇਆ ਅਤੇ 15 ਅਗਸਤ 1604 ਈ: ਨੂੰ ਮੁਕੰਮਲ ਹੋਇਆ। ਜਦ ਇਹ ਬਖਸ਼ਿਸ਼ਾਂ ਦਾ ਸਰੋਤ ਇਲਾਹੀ ਗ੍ਰੰਥ ਜਿਸ ਨੂੰ 'ਪ੍ਰਮੇਸਰ ਦੀ ਪੋਥੀ' ਦਾ ਨਾਂ ਦਿਤਾ ਗਿਆ, ਸੰਪੂਰਨ ਹੋਇਆ ਤਾਂ ਭਾਈ ਬਨੋ ਨੂੰ ਇਸ ਦੀ ਜਿਲਦਬੰਦੀ ਲਈ ਇਸ ਨੂੰ ਦੇ ਕੇ ਲਾਹੌਰ ਭੇਜਿਆ ਗਿਆ ਅਤੇ ਜਦ ਇਹ ਸਾਰਾ ਕਾਰਜ ਨੇਪਰੇ ਚੜ੍ਹ ਗਿਆ ਤਾਂ ਰਾਮਸਰ ਦੇ ਅਸਥਾਨ ਤੋਂ ਇਕ ਨਗਰ ਕੀਰਤਨ ਦੇ ਰੂਪ ਵਿਚ ਇਸ ਆਦਿ ਗ੍ਰੰਥ ਸਾਹਿਬ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਸੀਸ ਤੇ ਸੁਭਾਇਮਾਨ ਕਰਕੇ ਸਾਰੇ ਸ਼ਹਿਰ ਵਿਚੋਂ ਲੰਘਦਿਆਂ ਹਰਿਮੰਦਰ ਸਾਹਿਬ ਆ ਬਿਰਾਜਮਾਨ ਕੀਤਾ। ਸਾਰੇ ਰਸਤੇ ਗੁਰੂ ਅਰਜਨ ਦੇਵ ਜੀ ਸੱਚੇ ਪਾਤਸ਼ਾਹ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ। ਸੰਗਤਾਂ ਫੁੱਲਾਂ ਦੀ ਵਰਖਾ ਕਰਦੀਆਂ ਰਹੀਆਂ। ਹਰ ਪਾਸੇ ਵਿਸਮਾਦੀ ਚਾਅ ਸੀ।

ਜਦ ਇਸ ਮਹਾਨ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਭਾਇਮਾਨ ਕੀਤਾ ਗਿਆ ਤਾਂ ਇਸ ਦਾ ਹਰ ਰੋਜ਼ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਵਿਚ ਪ੍ਰਕਾਸ਼ ਹੁੰਦਾ, ਹੁਕਮਨਾਮਾ ਲਿਆ ਜਾਦਾ, ਸਾਰਾ ਦਿਨ ਕੀਰਤਨ ਦੀ ਸੇਵਾ ਚਲਦੀ ਰਹਿੰਦੀ। ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਰਲ ਕੇ ਖੁਦ ਕੀਰਤਨ ਕਰਦੇ। ਇਵੇਂ ਉਥੇ ਇਕ ਇਲਾਹੀ ਵਾਤਾਵਰਨ ਸਿਰਜ ਗਿਆ। ਗੁਰੂ ਸਾਹਿਬ ਨੇ 6 ਹੋਰ ਰਬਾਬੀ ਜੱਥੇ ਦਰਬਾਰ ਸਾਹਿਬ ਵਿਚ ਸਾਰਾ ਦਿਨ ਨਿਰੰਤਰ ਕੀਰਤਨ ਕਰਨ ਲਈ ਆਪਣੇ ਨਾਲ ਰੱਖੇ ਤੇ ਇਹ ਸਾਰੇ ਦੇ ਸਾਰੇ ਰਬਾਬੀ ਜੱਥੇ ਮੁਸਲਮਾਨ ਸ਼ਰਧਾਲੂਆਂ ਦੇ ਹੀ ਸਨ। ਦੂਰ-ਦੂਰ ਤੋਂ ਸੰਗਤਾਂ ਇਸ ਨਵੇਂ ਤੀਰਥ ਅਤੇ ਨਵੇਂ ਗ੍ਰੰਥ ਦੇ ਦਰਸ਼ਨਾਂ ਲਈ ਆਵਣ ਲਗ ਪਈਆਂ। ਉਹ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਦੀਆਂ, ਦਰਬਾਰ ਸਾਹਿਬ ਵਿਚ ਇਕਾਗਰ ਚਿੱਤ ਹੋ ਕੇ ਕੀਰਤਨ ਸੁਣਦੀਆਂ, ਇਕ ਸੰਗਤ ਪੰਗਤ ਵਿਚ ਸਜ ਕੇ ਲੰਗਰ ਛਕਦੀਆਂ ਛਕਾਂਦੀਆਂ, ਨਿਸ਼ਕਾਮ ਸੇਵਾ ਕਰਕੇ ਆਪਣੇ ਹੱਥ ਸੁੱਚੇ ਤੇ ਆਤਮਾ ਸਵੱਛ ਕਰਦੀਆਂ। ਇਵੇਂ ਇਕ ਅਲੌਕਿਕ ਨਜ਼ਾਰਾ ਸ੍ਰੀ ਹਰਿਮੰਦਰ ਸਾਹਿਬ ਚੌਗਿਰਦੇ (ਪਰੀਸਰ) ਵਿਚ ਹਰ ਸਮੇਂ ਦੇਖਣ ਨੂੰ ਮਿਲਦਾ ਜਿਸ ਦੀ ਮਹਿਮਾ ਕਿਸੇ ਵੀ ਵਿਖਿਆਨ ਤੋਂ ਬਾਹਰ ਗੱਲ ਬਣ ਗਈ। ਇਵੇਂ ਜਾਪਦਾ ਜਿਵੇਂ ਅਕਾਲ ਪੁਰਖ ਨੇ ਮਿਹਰ ਵਿਚ ਆ ਕੇ ਆਪਣੀਆਂ ਬਖਸ਼ਿਸ਼ਾਂ ਦੀ ਝੜੀ ਹੀ ਲਗਾ ਦਿਤੀ ਹੋਵੇ।

ਦਿਨ ਛਿਪਣ ਤੋਂ ਮਗਰੋਂ ਰਾਤ ਨੂੰ ਆਦਿ ਗ੍ਰੰਥ ਸਾਹਿਬ ਦਾ ਸੁਖ ਆਸਨ ਕੀਤਾ ਜਾਂਦਾ ਤੇ ਸੰਗਤਾਂ ਸ਼ਬਦ ਗਾਉਂਦੀਆਂ ਹੋਈਆਂ ਇਸ ਪਵਿੱਤਰ ਗ੍ਰੰਥ ਨੂੰ ਆਪਣੇ ਸੀਸ ਤੇ ਬਿਰਾਜਮਾਨ ਕਰਕੇ ਸੁਖ ਅਸਥਾਨ ਤਕ ਛੱਡ ਕੇ ਆਉਂਦੀਆਂ। ਸ੍ਰੀ ਗੁਰੂ ਅਰਜਨ ਦੇਵ ਜੀ, ਜੋ ਖੁਦ ਸਾਖਿਆਤ ਗੁਰੂ ਸਨ ਤੇ ਸ਼ਰਧਾਲੂਆਂ ਲਈ ਅਕਾਲ ਪੁਰਖ ਦਾ ਹੀ ਰੂਪ ਸਨ, ਇਸ ਪਵਿੱਤਰ ਗ੍ਰੰਥ ਤੇ ਸਤਿਕਾਰ ਵਿਚ ਸਾਰੀ ਰਾਤ ਉਸ ਕਮਰੇ ਵਿਚ ਜ਼ਮੀਨ ਤੇ ਬੈਠ ਕੇ ਜਾਂ ਲੇਟ ਕੇ ਕੱਟਦੇ ਜਿੱਥੇ ਇਹ ਮਹਾਨ ਗ੍ਰੰਥ ਸੁਖ ਆਸਨ ਰੂਪ ਵਿਚ ਬਿਰਾਜਮਾਨ ਹੁੰਦੇ। ਉਹ ਜਾਣੀ ਜਾਣ ਸਨ ਤੇ ਜਾਣਦੇ ਸਨ ਕਿ ਇਸ ਧੁਰ ਕੀ ਬਾਣੀ ਨਾਲ ਸੁਸੱਜਤ ਗ੍ਰੰਥ ਸਾਹਿਬ

ਨੇ ਕੁਝ ਸਮਾਂ ਪਾ ਕੇ ਸ਼ਬਦ ਗੁਰੂ ਦੇ ਰੂਪ ਵਿਚ ਸੰਸਾਰ ਵਿਚ ਵਿਦਮਾਨ ਹੋਣਾ ਹੈ ਅਤੇ ਮਜ਼ਬਾਂ ਮਿਲਤਾਂ ਦੇ ਹੱਦ ਬੰਨ੍ਹਿਆਂ ਨੂੰ ਤੋੜ ਕੇ ਸਾਰੀ ਮਨੁੱਖਾ ਜਾਤੀ ਨੂੰ ਆਪਣੇ ਵਿਚਾਰਾਂ ਦੇ ਕਲਾਵੇ ਵਿਚ ਲੈ ਕੇ ਉਸ ਨੂੰ ਰੂਹਾਨੀਅਤ ਦੇ ਪੱਖੋਂ ਮਾਲਾ ਮਾਲ ਤੇ ਸਰਸ਼ਾਰ ਕਰਨਾ ਹੈ।

ਆਖ਼ਰ ਉਹ ਘੜੀ ਨੇੜੇ ਆਂਉਣ ਲੱਗੀ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣੀ ਸੀ। ਉਨ੍ਹਾਂ ਨੂੰ ਜਦ ਮੰਗਣ ਤੇ ਵੀ ਧੀਰ ਮਲੀਆਂ ਤੋਂ ਪਵਿੱਤਰ ਗ੍ਰੰਥ ਸਾਹਿਬ ਦਾ ਸਰੂਪ ਪ੍ਰਾਪਤ ਨਾ ਹੋ ਸਕਿਆ ਤਾਂ ਉਨ੍ਹਾਂ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆਪਣੀ ਦਿਬ ਦ੍ਰਿਸ਼ਟੀ ਨਾਲ ਸਾਰਾ ਗ੍ਰੰਥ ਸਾਹਿਬ ਦੁਬਾਰਾ ਲਿਖਵਾਇਆ। ਗੁਰੂ ਸਾਹਿਬ ਬਾਣੀ ਉਚਾਰਦੇ ਰਹੇ ਤੇ ਭਾਈ ਮਨੀ ਸਿੰਘ ਜੀ ਉਸ ਨੂੰ ਕਲਮ-ਬੰਦ ਕਰਦੇ ਰਹੇ। ਸਾਰੇ ਗ੍ਰੰਥ ਸਾਹਿਬ ਦਾ ਰੂਪ ਸਰੂਪ ਪਹਿਲੇ ਗ੍ਰੰਥ ਵਰਗਾ ਹੀ ਰਿਹਾ ਕੇਵਲ ਨੌਵੇਂ ਪਾਤਸ਼ਾਹ ਦੀ ਬਾਣੀ ਉਸ ਵਿਚ ਹੋਰ ਅੰਕਿਤ ਕੀਤੀ ਗਈ। ਪਹਿਲੇ ਗ੍ਰੰਥ ਵਿਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਲ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਪਾਦਿਤ ਕਰਵਾਏ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਹੋ ਜਾਣ ਕਾਰਨ ਕੁਲ 6 ਗੁਰੂ ਸਾਹਿਬਾਨ ਦੀ ਬਾਣੀ ਹੋ ਗਈ। ਪਹਿਲੇ ਗ੍ਰੰਥ ਵਿਚ 30 ਰਾਗਾਂ ਵਿਚ ਬਾਣੀ ਸੀ ਪਰ ਇਸ ਨਵੇਂ ਸਿਰਜੇ ਸਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੀ ਜੈ ਜੈਵੰਤੀ ਰਾਗ ਵਿਚ ਉਚਾਰੀ ਬਾਣੀ ਸ਼ਾਮਲ ਕਰਨ ਨਾਲ ਗ੍ਰੰਥ ਸਾਹਿਬ ਦੇ ਰਾਗਾਂ ਦੀ ਗਿਣਤੀ 31 ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ 7 ਅਕਤੂਬਰ 1708 ਨੂੰ ਇਸ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਇਸ ਨੂੰ ਆਪਣੀ ਗੱਦੀ ਤੇ ਸ਼ਸ਼ੋਭਿਤ ਕਰਕੇ ਇਸ ਨੂੰ ਗੁਰਗੱਦੀ ਪ੍ਰਦਾਨ ਕੀਤੀ। ਆਪਣੀ ਪਵਿੱਤਰ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੋਅ ਦਿਤੀ ਅਤੇ ਸਰੀਰ ਪੰਥ ਵਿਚ ਵਲੀਨ ਕਰ ਦਿਤਾ। ਇਸ ਤਰ੍ਹਾਂ ਇਲਾਹੀ ਸ਼ਬਦ ਨੂੰ ਜੁਗੋ ਜੁਗ ਅਟੱਲ ਰੂਪ ਦੇਣ ਦਾ ਅਮਲ ਜੋ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਪ੍ਰਾਰੰਭ ਕੀਤਾ ਸੀ, ਉਹ ਦਸਵੇਂ ਜਾਮੇ ਵਿਚ ਪਹੁੰਚ ਕੇ ਉਨ੍ਹਾਂ ਨੇ ਸੰਪੰਨ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਭਾ, ਸ਼ੋਭਾ ਤੇ ਕੀਰਤੀ ਵਿਸ਼ਵ ਭਰ ਵਿਚ ਰੂਪਮਾਨ ਹੋ ਗਈ। ਇਵੇਂ ਅਕਾਲ ਪੁਰਖ ਦਾ ਇਕ ਅਦੁੱਤੀ ਸੁਪਨਾ ਸਾਕਾਰਤਾ ਦਾ ਰੂਪ ਧਾਰਨ ਕਰ ਸਕਿਆ ਜਿਸ ਨਾਲ ਸੰਸਾਰ ਭਰ ਦਾ ਧਾਰਮਿਕ ਮੰਡਲ ਰੁਸ਼ਨਾਸ ਹੋ ਗਿਆ ਤੇ ਹਰ ਪਾਸੇ ਇਸ ਇਲਾਹੀ ਸ਼ਬਦ ਗੁਰੂ ਦਾ ਪ੍ਰਕਾਸ ਮਨੁੱਖੀ ਮਨਾਂ ਨੂੰ ਪ੍ਰਕਾਸ਼ਮਾਨ ਕਰਨ ਦੀ ਕਲਾ ਵਰਤਾਣ ਲਗ ਪਿਆ। ਭਾਰਤੀ ਵਿਦਵਾਨ ਸਾਧੂ ਵਿਸਵਾਨੀ ਨੇ ਇਸ ਇਲਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਕੇ ਹੋਰ ਗੱਲਾਂ ਦੇ ਨਾਲ-ਨਾਲ ਇਹ ਕਹਿਣ ਵਿਚ ਪ੍ਰਸੰਨਤਾ ਪ੍ਰਗਟਾਈ ਕਿ ਇਹ ਪਵਿੱਤਰ ਗ੍ਰੰਥ ਵਿਸ਼ਵ ਦਾ ਧਰਮ ਗ੍ਰੰਥ ਹੈ ਅਤੇ ਵਿਸ਼ਵ ਮਾਨਵ ਦੀ ਆਤਮਾ ਵਿਚੋਂ ਉਗਮੀ ਬਾਣੀ ਦਾ ਭੰਡਾਰ ਹੈ, ਸੰਗ੍ਰਹਿ ਹੈ (out of world soul it rolled out.) ਅਮਰੀਕਾ ਦੇ ਪ੍ਰਸਿੱਧ ਪ੍ਰੋਫੈਸਰ ਡਾ. ਜੇ ਸੀ. ਆਰਚਰ ਨੇ ਪਿਛਲੀ ਸਦੀ ਦੇ ਮੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਧਾਰਮਿਕ ਫਿਲਾਸ਼ਫੀ ਦਾ ਜ਼ਿਕਰ ਹੈ, ਉਹ ਸਰਬ ਵਿਆਪੀ ਪ੍ਰਭਾਵਸ਼ਾਲੀ ਹੈ ਅਤੇ ਅਮਲੀ ਤੌਰ ਤੇ ਸੰਪੂਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਦੁਨੀਆਂ ਨੂੰ ਸੁਖ ਸ਼ਾਂਤੀ ਅਤੇ ਪ੍ਰੇਮ ਭਾਵ ਤੇ ਅਧਾਰਤ ਸੰਦੇਸ਼ ਮੌਜੂਦ ਹੈ ਜਿਸ ਦੀ ਅੱਜ ਸਭ ਤੋਂ ਵੱਧ ਅਵਸ਼ਕਤਾ ਹੈ। ਤਿਆਨਬੀ ਅਤੇ ਡੋਰਥੀ ਫੀਲਡ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਲਾਜਵਾਬ ਸ਼ਬਦਾਂ ਰਾਹੀਂ ਅਦੁੱਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਥੇ ਤਕ ਕਿ ਅਮਰੀਕਾ ਦੀ ਨੋਬੈੱਲ ਇਨਾਮ ਜੇਤੂ ਲੇਖਕਾ ਪਰਲ ਐਸ ਥੱਕ ਨੇ ਵੀ ਇਹ ਕਹਿੰਦਿਆਂ ਖੁਸ਼ੀ ਪ੍ਰਗਟਾਈ ਕਿ 'ਹਿਰਦੇ ਅਤੇ ਮਨ ਨੂੰ ਜੋ ਠਹਿਰਾਓ ਅਤੇ ਖੁਸ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦਿਆਂ ਅਨੁਭਵ ਹੋਈ ਹੈ ਉਹੋ ਜਿਹਾ ਆਨੰਦ ਮੈਨੂੰ ਹੋਰ ਕਿਸੇ ਧਰਮ ਦੇ ਗ੍ਰੰਥ ਨੂੰ ਵਾਚਣ ਤੇ ਮਹਿਸੂਸ ਨਹੀਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਉਪਦੇਸ਼ ਹਰ ਧਰਮ ਦੇ ਸ਼ਰਧਾਲੂਆਂ ਦੇ ਭਲੇ ਲਈ ਹਰ ਸਮੇਂ ਉਪਲੱਬਧ ਹਨ ਜੋ ਮਾਨਵੀ ਹਿਰਦੇ ਅਤੇ ਖੋਜੀ ਅਭਿਲਾਸ਼ੀ ਮਨ ਦੀ ਤ੍ਰਿਪਤੀ ਤੇ ਤਰਜਮਾਨੀ ਕਰਦੇ ਹਨ।

ਇਸ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ

(ਪੰਨਾ 43 ਦੀ ਬਾਕੀ)

ਪ੍ਰਕਾਸ਼ ਦੀ ਚੌਥੀ ਸ਼ਤਾਬਦੀ 1 ਸਤੰਬਰ 2004 ਈ. ਤੋਂ ਲਗਾਤਾਰ ਮਨਾਈ ਜਾ ਰਹੀ ਹੈ ਅਤੇ ਗੁਰਗੱਦੀ ਨਸ਼ੀਨੀ ਦੀ ਤੀਜੀ ਪਵਿੱਤਰ ਸ਼ਤਾਬਦੀ ਅਕਤੂਬਰ 2008 ਵਿਚ ਮਨਾਈ ਗਈ ਹੈ। ਵੇਲਾ ਹੈ ਕਿ ਅਸੀਂ ਪੂਰੇ ਜੋਸ਼, ਉਤਸ਼ਾਹ, ਲਗਨ ਤੇ ਸ਼ਰਧਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਪੱਖੀ ਮਹਾਨਤਾ ਦੀ ਸੋਝੀ ਵਿਸ਼ਵ ਦੇ ਘਰ-ਘਰ ਤਕ ਪਹੁੰਚਾਈਏ ਤਾਂਕਿ ਨਫਰਤ ਵਿਚ ਗ੍ਰਸਤ ਮਨੁੱਖਾ ਲੁਕਾਈ ਨੂੰ ਆਤਮਿਕ ਸ਼ਾਂਤੀ ਤੇ ਮਾਨਸਿਕ ਆਨੰਦ ਪ੍ਰਾਪਤ ਹੋ ਸਕੇ ਤੇ ਉਸ ਦੇ ਜੀਵਨ ਵਿਚ ਇਕ ਨਵਾਂ ਨਿਖਾਰ ਅਤੇ ਉਸਾਰੂ ਪ੍ਰਭਾਵ ਪ੍ਰਫੁੱਲਤ ਹੋਣ।

ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਰਜਿਸਟਰਡ ਲੁਧਿਆਣਾ ਵਲੋਂ ਇਨ੍ਹਾਂ ਦੋਵੇਂ ਸ਼ਤਾਬਦੀਆਂ ਨੂੰ ਸਾਹਮਣੇ ਰਖ ਕੇ ਇਹ ਹਥਲੀ ਪੁਸਤਕ ਤਿਆਰ ਕਰਕੇ ਅਤੇ ਸੰਗਤਾਂ ਦੇ ਆਰਥਿਕ ਸਹਿਯੋਗ ਨਾਲ ਵੱਡੀ ਗਿਣਤੀ ਵਿਚ ਛਾਪ ਕੇ ਆਮ ਪਾਠਕਾਂ ਵਿਚ ਮੁਫ਼ਤ ਵੰਡੀ ਜਾ ਰਹੀ ਹੈ। ਇਸ ਖੇਤਰ ਵਿਚ ਕੀਤੇ ਜਾਣ ਵਾਲੇ ਬਹੁਤ ਸਾਰੇ ਹੋਰ ਉਪਰਾਲਿਆਂ ਦੇ ਨਾਲ-ਨਾਲ ਅਲੱਗ ਸ਼ਬਦ ਯੱਗ ਟਰੱਸਟ ਵਲੋਂ ਇਸ ਸਮੇਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ 61 ਪ੍ਰਕਾਸ਼ਨਾਵਾਂ ਛਾਪ ਕੇ ਵੰਡੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚੋਂ 17 ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਹਨ। ਟਰੱਸਟ ਦਾ ਇਹ ਇਕ ਨਿਗੂਣਾ ਜਿਹਾ ਉਪਰਾਲਾ ਹੈ ਅਤੇ ਆਸ ਹੈ ਕਿ ਪਾਠਕ ਇਸ ਨੂੰ ਆਪਣਾ ਸਹਿਯੋਗ ਬਖਸ਼ਦੇ ਰਹਿਣਗੇ। ਇਸ ਹਥਲੀ ਪੁਸਤਕ ਦੀ ਮਹੱਤਤਾ ਨੂੰ ਦੇਖਦਿਆਂ ਹੋਇਆਂ ਇਸ ਦੇ ਅੰਗਰੇਜ਼ੀ ਤੇ ਹਿੰਦੀ ਰੂਪਾਂ ਨੂੰ ਛਾਪ ਕੇ ਵੀ ਵੱਡੀ ਗਿਣਤੀ ਵਿਚ ਵੰਡਣ ਦਾ ਪ੍ਰੋਗਰਾਮ ਹੈ। ਸਾਨੂੰ ਪੂਰਨ ਆਸ ਹੈ ਕਿ ਜਿਵੇਂ-ਜਿਵੇਂ ਮਾਨਵਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਸ੍ਰੇਸ਼ਟ ਮਹਾਨਤਾ ਅਤੇ ਯੋਗ ਅਗਵਾਈ ਤੋਂ ਲਾਭ ਪ੍ਰਾਪਤ ਕਰਦੀ ਜਾਵੇਗੀ, ਉਸ ਦੇ ਮਾਨਸਿਕ ਅਤੇ ਆਤਮਿਕ ਆਨੰਦ ਦਾ ਪਸਾਰਾ ਹੋਵੇਗਾ ਅਤੇ ਅਜਿਹਾ ਅਨੰਦ ਪ੍ਰਾਪਤ ਕਰਕੇ ਉਹ ਖੀਵੀ ਹੋਈ ਕਹਿ ਉਠੇਗੀ-

*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥*
*ਅੰਗ- ੬੬੩*

ਇਕ ਵੀ ਬਚਨ ਐਸਾ ਨਹੀਂ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਆਇਆ, ਜਿਸ ਦੇ ਨਾਲ ਕਿਸੇ ਦੇ ਦਿਲ ਨੂੰ ਠੇਸ ਪਹੁੰਚੀ ਹੋਵੇ। ਪਿਆਰ ਭਰੇ ਕਲਾਵੇ ਦੇ ਵਿਚ ਸਾਰਿਆਂ ਨੂੰ ਲੈਂਦੇ ਹਨ। ਅੱਜ ਲੋੜ ਹੈ ਇਸ ਗੱਲ ਦੀ ਪਰਮ ਪੂਜਯ ਸਤਿਕਾਰਯੋਗ ਬੀਜੀ ਨੇ, ਆਪਣੇ ਕਰ-ਕਮਲਾਂ ਤੋਂ 1995 ਵਿਸਾਖੀ ਨੂੰ, ਕਿਉਂਕਿ ਬਾਣੀ ਚਲਦੀ ਹੀ ਅਦ੍ਵੈਤ ਸਿਧਾਂਤ 'ਤੇ ਹੈ। ਇਹ 'ਆਤਮ ਮਾਰਗ' ਮੈਗਜ਼ੀਨ ਬੀਜੀ ਦੇ ਹਸਤ ਕਮਲਾਂ ਤੋਂ ਰਿਲੀਜ਼ ਕਰਵਾਇਆ। ਅੱਜ ਵੀ ਇਸ ਮੈਗਜ਼ੀਨ ਨੂੰ ਚਲਾਉਣ ਲਈ 30-32 ਲੱਖ ਰੁਪਿਆ ਸਾਲ ਦਾ ਮਹਾਂਪੁਰਸ਼ ਪਾ ਰਹੇ ਹਨ। ਅੱਜ ਪ੍ਰੇਮੀਆਂ ਨੇ ਮੈਗਜ਼ੀਨ ਦੀ ਸੇਵਾ ਲਈ ਹੈ ਕਿ ਜਿੰਨੇ ਵੀ ਅੱਜ ਦੇ ਮੈਂਬਰ ਬਣਨਗੇ, ਉਹਨਾਂ ਨੂੰ ਅੱਧੀ ਭੇਟਾ 'ਤੇ ਮੈਂਬਰ ਬਣਾਇਆ ਜਾਵੇਗਾ ਤਾਂ ਕਿ ਕੋਈ ਇਸ ਸੌਗਾਤ ਤੋਂ ਖਾਲੀ ਨਾ ਜਾਵੇ। ਜਨਮ ਦਿਨ ਦਾ ਤੋਹਫਾ ਹੈ ਇਹ। ਇਸ ਸੰਪਰਦਾ ਦੇ ਅਸੂਲ ਹਨ ਇਥੇ ਕਿਸੇ ਵੀ ਚੀਜ਼ ਦੀ ਮੰਗ ਟੇਢੇ ਜਾਂ ਸਿੱਧੇ ਢੰਗ ਨਾਲ ਨਹੀਂ ਕੀਤੀ ਜਾਂਦੀ। ਕੋਈ ਉਗਰਾਹੀ ਨਹੀਂ ਕੀਤੀ ਜਾਂਦੀ। ਇਥੋਂ ਤਾਂ ਦਾਤਾਂ ਮਿਲਦੀਆਂ ਹਨ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ- ੨੬੬*

ਬਾਕੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦੁਨੀਆਂ ਤੋਂ ਤਾਂ ਅਸੀਂ ਜਾਣਾ ਹੀ ਹੈ। ਕੋਈ ਨਹੀਂ ਇਥੇ ਬੈਠਾ ਰਿਹਾ। ਕੋਈ ਅਸੀਂ ਸ਼ੁਭ ਕਰਮ ਲੈ ਜਾਵਾਂਗੇ, ਇਸ ਕਰਮ ਭੂਮੀ 'ਤੇ ਕੀਤਾ ਹੋਇਆ ਹਰ ਕਰਮ ਕਈ ਸਹੰਸਰ ਗੁਣਾਂ ਫਲਦਾ ਹੈ। ਜੇ ਥੋੜ੍ਹਾ ਜਿਹੜਾ ਮੈਗਜ਼ੀਨ ਦੇ ਰੂਪ ਵਿਚ ਕਿਸੇ ਨੂੰ ਗਿਫਟ ਦੇ ਦਿਓਂਗੇ ਤਾਂ ਕੋਈ ਘਾਟਾ ਨਹੀਂ ਪੈਣ ਲੱਗਾ। ਇਸ ਬਾਣੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਦਿਨ ਰਾਤ ਇਸ ਮਿਸ਼ਨ ਵਲੋਂ ਤੁਰੇ ਫਿਰਦੇ ਨੇ। ਕਿੰਨੇ ਹੀ ਜਥੇ ਹਨ ਜਿਹੜਾ ਇਸ ਸਿਧਾਂਤ ਨੂੰ ਅਪਣਾਉਂਦੇ ਹੋਏ ਚਲ ਰਹੇ ਹਨ-

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ- ੭੯੭*

ਗੁਰਮੰਤ੍ਰ ਦੀ ਕਿਵੇਂ ਕਮਾਈ ਕਰਨੀ ਹੈ, 'ਆਤਮ ਮਾਰਗ' 'ਚ ਦਸਿਆ ਜਾਂਦਾ ਹੈ। ਮਾਰਗ ਹੀ ਆਤਮਾ ਦਾ ਹੈ। ਸਤਿਗੁਰੂ ਜੀ ਸਾਰਿਆਂ 'ਤੇ ਕ੍ਰਿਪਾ ਰੱਖਣ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਆਦਰਸ਼ਕ ਮਾਤਾਵਾਂ

**(ਸਤਿਕਾਰਯੋਗ ਬੀਜੀ ਮਾਤਾ ਰਣਜੀਤ ਕੌਰ ਜੀ ਦੇ ਜਨਮ ਦਿਨ ਨੂੰ ਸਮਰਪਿਤ)**

ਵਿਰਸੇ ਅਤੇ ਵਿਰਾਸਤ ਵਿਚ ਹੀ ਭਵਿੱਖਤ ਪੈੜਾਂ ਹੁੰਦੀਆਂ ਹਨ। ਸਾਡਾ ਸ਼ਾਨਾ ਮੱਤੀ ਇਤਿਹਾਸ ਗੌਰਵਮਈ ਇਤਿਹਾਸ ਹੈ। ਇਕ ਅਮੀਰ ਵਿਰਸੇ ਨਾਲ ਸਾਡਾ ਸਬੰਧ ਹੈ। ''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ।'' ਜਿਥੇ ਸਿੰਘਾਂ ਦਾ ਜ਼ਿਕਰ ਹੈ ਨਾਲ ਹੀ ਸਿੰਘਣੀਆਂ ਦਾ ਵੀ ਹੈ। ਅਰਦਾਸ ਵਿਚ ਜਦੋਂ ਇਹ ਬੰਦ ਆਉਂਦਾ ਹੈ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਘਰ ਵਿਚ ਇਸਤ੍ਰੀ ਦਾ ਸਥਾਨ ਸਾਵਾਂ ਤੇ ਕਿਸੇ ਹੱਦ ਤੱਕ ਨਿਵੇਕਲਾ ਹੈ। ਗੁਰੂ ਘਰ ਵਿਚ ਜਿਥੇ ਹੋਰ ਹਰ ਤਰ੍ਹਾਂ ਦੇ ਵਿਤਕਰਿਆਂ ਵਿਰੁੱਧ ਆਵਾਜ਼ ਉਠਾਈ ਗਈ, ਉਥੇ ਨਾਲੋ-ਨਾਲ ਇਸਤ੍ਰੀ ਨੂੰ ਵੀ ਸਤਿਕਾਰ ਦਾ ਦਰਜਾ ਦਿਤਾ ਗਿਆ-

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*ਅੰਗ - ੪੭੩*

ਗੁਰੂ ਕਾਲ ਵਿਚ ਮਾਤਾ ਤ੍ਰਿਪਤਾ ਦੀ ਗੋਦ ਨੂੰ ਭਾਗ ਲੱਗੇ ਮਾਂ ਰੂਪ ਵਿਚ, ਦਾਈ ਮਾਈ ਦੌਲਤਾਂ ਨੂੰ ਅਗਮ ਨਿਗਮ ਦੀ ਸੋਝੀ ਕਰਾਉਣੀ, ਸਾਰੀਆਂ ਮਾਨਸਿਕ ਭੁੱਖਾਂ ਤੋਂ ਨਿਜਾਤ ਦਿਵਾਉਣੀ, ਦਰਸ਼ਨਾਂ ਦੇ ਝਲਕਾਰੇ ਨਾਲ ਮੁਸਕਰਾ ਕੇ ਦਰਸ਼ਨ ਦੇਣੇ, ਹੱਸਦੇ-ਹੱਸਦੇ ਗਰੀਬ ਮਾਈ ਦੌਲਤਾਂ ਨੂੰ ਸਦੀਵੀ ਆਤਮਿਕ ਅਮੀਰੀ ਬਖਸ਼ ਦੇਣੀ, ਮਾਈ ਦੌਲਤਾਂ ਨੂੰ ਦੌਲਤਵੰਦ ਬਣਾ ਦੇਣਾ। ਸੱਚੀ-ਸੁੱਚੀ ਰੂਹਾਨੀਅਤ, ਨਾ ਮਿਟਣ ਵਾਲੀ, ਨਾ ਖਤਮ ਹੋਣ ਵਾਲੀ, ਨਾਮ ਖੁਮਾਰੀ, ਦਿਨ ਰਾਤ ਚੜ੍ਹੀ ਰਹਿਣ ਵਾਲੀ, ਸੱਚੀ ਪਾਤਸ਼ਾਹੀ ਬਖਸ਼ ਦੇਣੀ, ਚਿਹਰੇ ਦਾ ਖਿੜਾਅ, ਨੂਰ, ਚਾਲ 'ਚ ਮਸਤੀ ਬਖਸ਼ਣੀ।

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥ ਅੰਗ- ੫*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ੭ ॥*

*ਅੰਗ - ੭੦੭*

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ- ੪੪*

ਆਤਮਿਕ ਤੌਰ ਤੇ ਕੰਗਾਲ ਨੂੰ ਰਾਜਾ ਬਣਾ ਦੇਣਾ ਇਕ ਅਮੁੱਲ ਅਤੁੱਟ ਦਾਤ, ਆਤਮਿਕ ਉਚਤਾਈ ਬਖਸ਼ਣੀ, ਇਹ ਕੇਵਲ ਗੁਰੂ ਨਾਨਕ ਸਾਹਿਬ ਦੀਆਂ ਹੀ ਬਖਸ਼ਿਸ਼ਾਂ ਹਨ। ਭੈਣ ਦੇ ਰੂਪ ਵਿਚ ਬੇਬੇ ਨਾਨਕੀ ਜੀ ਜਿਨ੍ਹਾਂ ਨੂੰ ਵੱਡੇ ਭੈਣ ਜੀ ਹੋਣ ਦੇ ਨਾਤੇ 'ਬੇਬੇ' ਦੀ ਉਪਾਧੀ ਦੇ ਕੇ ਸਤਿਕਾਰ ਦਿਤਾ ਅਤੇ ਅੱਜ ਵੀ ਇਸੇ ਸਤਿਕਾਰ ਅਤੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਮਾਤਾ ਦੌਲਤਾਂ ਜੀ ਅਤੇ ਬੇਬੇ ਨਾਨਕੀ ਜੀ ਉਹ ਪਹਿਲੀਆਂ ਸਖਸ਼ੀਅਤਾਂ ਵਿਚੋਂ ਹਨ ਜਿਨ੍ਹਾਂ ਤੇ ਪ੍ਰਮੇਸ਼ਰ ਜੀ ਦੇ ਸਾਕਾਰ ਰੂਪ ਗੁਰੂ ਨਾਨਕ ਸਾਹਿਬ ਜੀ ਦੀ ਬਖਸ਼ਿਸ਼ ਹੋਈ। ਬੇਬੇ ਨਾਨਕੀ ਜੀ ਦਾ ਗੁਰੂ ਨਾਨਕ ਸਾਹਿਬ ਨਾਲ ਕੇਵਲ ਭਰਾ ਵਾਲਾ ਪਿਆਰ ਤੇ ਸਤਿਕਾਰ ਹੀ ਨਹੀਂ ਸੀ ਸਗੋਂ ਉਹ ਆਪ ਜੀ ਨੂੰ ਰੱਬ ਰੂਪ ਮੰਨਦੇ ਸਨ। ਭਾਵੇਂ ਸਰੀਰਕ ਉਮਰ ਵਿਚ ਬੇਬੇ ਜੀ ਗੁਰੂ ਸਾਹਿਬ ਤੋਂ ਪੰਜ ਸਾਲ ਵੱਡੇ ਸਨ ਫਿਰ ਵੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਰੱਬ ਰੂਪ ਹੀ ਮੰਨਿਆ। ਆਪ ਜੀ ਦਾ ਸਮੁੱਚਾ ਜੀਵਨ ਅੱਜ ਦੀ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ। ਦੁਨਿਆਵੀ ਰਿਸ਼ਤਿਆਂ ਵਿਚ ਵੱਡੀਆਂ ਸਮੱਸਿਆਵਾਂ ਦੇ ਜੰਗਲ ਉੱਗੇ ਹੋਏ ਹਨ, ਰਿਸ਼ਤਿਆਂ ਦੀਆਂ ਕਦਰਾਂ ਕੀਮਤਾਂ ਦਾ ਘਾਣ ਬਹੁਤ ਹੀ ਤੇਜ਼ੀ ਨਾਲ ਹੋ ਚੁੱਕਾ ਹੈ ਅਤੇ ਹੋਰ ਵੀ ਹੋ ਰਿਹਾ ਹੈ। ਕਲਾ ਕਲੇਸ਼ ਦਾ ਵਾਤਾਵਰਨ ਲੱਗਭੱਗ ਬਹੁਤਾਤ ਪਰਿਵਾਰਾਂ ਵਿਚ ਬਣਿਆ ਹੋਇਆ ਹੈ। ਕੀ ਕੋਈ ਹੱਲ ਹੈ? ਇਨ੍ਹਾਂ ਰਿਸ਼ਤਿਆਂ ਵਿਚ ਜਿਹੜੀ ਪਿਆਰ ਦੀ ਖੁਸ਼ਬੋ ਖਤਮ ਹੋ ਚੁੱਕੀ ਹੈ, ਇਨ੍ਹਾਂ ਵਿਚ ਦੁਬਾਰਾ ਪਿਆਰ ਦੀ ਰੌਂ ਰੁਮਕ ਪਵੇ। ਠੰਡੀ ਹਵਾ ਦੇ ਝਉਲੇ ਆ ਸਕਣ। ਗਰਮ ਹਵਾ ਨੂੰ ਤਿਲਾਂਜਲੀ ਦਿਤੀ ਜਾਵੇ। ਹਰ ਪਾਸੇ, ਹਰ ਖੇਤਰ ਵਿਚ ਖਾਸ ਕਰਕੇ ਪਰਿਵਾਰਿਕ ਰਿਸ਼ਤਿਆਂ ਵਿਚ ਖਿਆਲਾਂ ਦੇ ਟਕਰਾਅ ਦਿਨੋ ਦਿਨ ਵਧਦੇ ਜਾ ਰਹੇ ਹਨ। ਜਿਨ੍ਹਾਂ ਰਿਸ਼ਤਿਆਂ ਨੂੰ ਸਤਿਕਾਰਤ

ਸਮਝਿਆ ਜਾਂਦਾ ਸੀ, ਉਹ ਅਤੁੱਟ, ਅਨਿੱਖੜਵੇਂ ਰਿਸ਼ਤੇ ਵੀ ਅੱਜ ਦਿਨਾਂ ਵਿਚ ਹੀ ਟੁੱਟ ਕੇ ਚਕਨਾਚੂਰ ਹੁੰਦੇ ਵੇਖੇ ਗਏ ਹਨ। ਕੀ ਕੋਈ ਮੰਝਧਾਰ ਵਿਚੋਂ ਪਾਰ ਲੰਘਣ ਦਾ ਵਸੀਲਾ ਹੈ? ਜੋ ਇਨ੍ਹਾਂ ਦਾ ਸਥਾਈ ਹੱਲ ਲੱਭ ਸਕੇ, ਜਿਸ 'ਤੇ ਸਵਾਰ ਹੋ ਕੇ ਸੁੱਖ-ਸ਼ਾਂਤੀ, ਪਿਆਰ, ਠੰਡੀ ਹਵਾ ਦੀ ਰੌਂ ਦੁਬਾਰਾ ਇਨ੍ਹਾਂ ਰਿਸ਼ਤਿਆਂ ਵਿਚ ਰੁਮਕ ਸਕੇ। ਸਾਡੇ ਬਜ਼ੁਰਗ ਜੋ ਕਿ ਵਿਵਹਾਰ ਕਰਕੇ ਸਹਿਜ ਨਾਲ ਸਾਧੂ-ਸੁਭਾਅ, ਹੀ ਹੁੰਦੇ ਸਨ, ਉਨ੍ਹਾਂ ਵਲੋਂ ਪਾਈਆਂ ਪੈੜਾਂ 'ਤੇ ਚਲਿਆ ਜਾ ਸਕੇ। ਸਮੁੱਚੇ ਖੰਡਰਾਤ ਦਾ ਇਲਾਜ ਸਾਨੂੰ ਆਪਣੀ ਵਿਰਾਸਤ ਵਿਚੋਂ ਹੀ ਲੱਭਣਾ ਪੈਣਾ ਹੈ। ਆਪਣੇ ਵਿਰਸੇ 'ਚੋਂ ਹੀ ਮਿਲਣਾ ਹੈ, ਕਿਤੋਂ ਹੋਰ ਨਹੀਂ।

ਮਾਧੋਦਾਸ (ਬਾਬਾ ਬੰਦਾ ਸਿੰਘ ਬਹਾਦਰ) ਦੀ ਮੁੱਢਲੀ ਵਿਰਾਸਤ ਜੀਵਨ ਨੂੰ ਡਾਵਾਂਡੋਲ ਕਰ ਰਹੀ ਸੀ। ਰਾਜਪੂਤ ਘਰਾਣੇ ਨਾਲ ਸਬੰਧਿਤ ਸੀ। ਲੱਛਮਣ ਦਾਸ, ਮਾਧੋਦਾਸ ਦੇ ਰੂਪ ਵਿਚ ਪਹਿਲੇ ਜਾਨਕੀ ਦਾਸ, ਸੰਤ ਰਾਮ ਦੇਵ, ਫਿਰ ਔਘੜਨਾਥ ਦਾ ਚੇਲਾ ਬਣਿਆ। ਪਹਿਲੇ ਵੈਰਾਗੀ, ਫਿਰ ਸੰਨਿਆਸੀ ਫਿਰ ਤਾਂਤਰਿਕ, ਇਨ੍ਹਾਂ ਪੜਾਵਾਂ ਵਿਚੋਂ ਆਪ ਜੀ ਦਾ ਜੀਵਨ ਗੁਜ਼ਰਿਆ ਪਰ ਜਦੋਂ ਸਮਰੱਥ ਗੁਰੂ ਦੀ ਬਖਸ਼ਿਸ਼ ਹੋਈ, ਇਹ ਲਛਮਣ ਦਾਸ ਅਤੇ ਮਾਧੋਦਾਸ ਤੋਂ 'ਬੰਦਾ' ਬਣ ਗਿਆ। ਬਣਿਆ ਕੀਹਦਾ? ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ। ਨਾਮ ਪਿਆ ਬਾਬਾ ਬੰਦਾ ਸਿੰਘ ਬਹਾਦਰ। ਇਕ ਵੱਡੀ ਵਿਰਾਸਤ ਦਾ ਪਾਂਧੀ, ਰਾਹੀ ਬਣ ਗਿਆ। ਬਖਸ਼ਿਸ਼ ਪ੍ਰਾਪਤ ਕਰਕੇ ਇਕ ਵੱਡੀ ਵਿਰਾਸਤ ਦਾ ਹਿੱਸਾ ਹੁੰਦੇ ਹੋਏ ਸਿਰਜੀ ਵਿਰਾਸਤ ਦੀਆਂ ਇਹੋ ਜਿਹੀਆਂ ਕੰਧਾਂ ਮਜ਼ਬੂਤ ਕੀਤੀਆਂ, ਖਾਲਸਾ ਰਾਜ ਦੀ ਸਥਾਪਨਾ ਹੋਈ। ਭਾਵ ਹੈ ਕਿ ਵਿਰਾਸਤਾਂ ਵਿਚੋਂ ਹੀ ਪੈੜਾਂ ਦੀ ਤਲਾਸ਼ ਕਰਨੀ ਪੈਂਦੀ ਹੈ।

ਆਉ, ਆਪਣੇ ਚਲ ਰਹੇ ਵਿਸ਼ੇ ਵਲ ਆਈਏ ਕਿ 'ਮਾਂ ਦੇ ਰੂਪ ਵਿਚ ਮਾਤਾ ਤ੍ਰਿਪਤਾ ਜੀ, ਭੈਣ ਦੇ ਰੂਪ ਵਿਚ ਬੇਬੇ ਨਾਨਕੀ ਜੀ ਅਤੇ ਗੁਰੂ ਕੇ ਮਹਿਲ (ਧਰਮ ਸੁਪਤਨੀ) ਦੇ ਰੂਪ ਵਿਚ ਮਾਤਾ ਸੁਲੱਖਣੀ ਜੀ। ਇਸ ਤੋਂ ਬਾਅਦ ਵਿਚ ਦੂਜੀ ਜੋਤਿ ਦੇ ਸਮੇਂ (ਧਰਮ ਸੁਪਤਨੀ) ਗੁਰੂ ਕੇ ਮਹਿਲ ਦੇ ਰੂਪ ਵਿਚ ਮਾਤਾ ਖੀਵੀ ਜੀ, ਲੰਗਰ ਦੇ ਇੰਚਾਰਜ, ਮੁਖੀ ਬਣ ਕੇ ਅਨੇਕਾਂ ਸੇਵਾਵਾਂ ਗੁਰੂ ਘਰ ਵਿਚ ਨਿਭਾਈਆਂ। ਅਨੇਕਾਂ ਤਰ੍ਹਾਂ ਦੀਆਂ ਸੇਵਾਵਾਂ ਦਸ ਗੁਰੂ ਸਾਹਿਬਾਨ ਤੱਕ ਅਤੇ ਬਾਅਦ ਵਿਚ ਹੁਣ ਤੱਕ ਨਿਭਾਈਆਂ ਜਾ ਰਹੀਆਂ ਹਨ।

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਅੰਗ- ੯੬੭*

ਇਨ੍ਹਾਂ ਮਹਾਨ ਆਤਮਾਵਾਂ ਦੀ ਵਰਗ ਵੰਡ ਵਿਦਵਾਨਾਂ ਨੇ ਇਸ ਤਰਾਂ ਕੀਤੀ ਹੈ -

**1. ਗੁਰੂ ਸਾਹਿਬ ਦੀਆਂ ਮਾਤਾਵਾਂ ਜਨਨੀਆਂ ਦੇ ਰੂਪ ਵਿਚ।**

**2. ਗੁਰੂ ਕੇ ਮਹਿਲਾਂ ਦੇ ਰੂਪ ਵਿਚ -** ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਮਨਸਾ ਦੇਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ, ਮਾਤਾ ਕਿਸ਼ਨ ਕੌਰ ਜੀ, ਮਾਤਾ ਗੁਜਰੀ (ਕੌਰ) ਜੀ, ਮਾਤਾ ਸੁੰਦਰੀ (ਕੌਰ) ਜੀ, ਮਾਤਾ ਜੀਤ (ਕੌਰ) ਜੀ ਮਾਤਾ ਸਾਹਿਬ ਦੇਵਾ (ਕੌਰ) ਜੀ।

**3. ਗੁਰੂ ਸਾਹਿਬ ਦੀਆਂ ਪੁੱਤਰੀਆਂ ਦੇ ਰੂਪ ਵਿਚ -** ਬੀਬੀ ਅਨੋਖੀ ਜੀ, ਬੀਬੀ ਅਮਰੋ ਜੀ, ਬੀਬੀ ਦਾਨੀ ਜੀ, ਬੀਬੀ ਭਾਨੀ ਜੀ, ਬੀਬੀ ਵੀਰੋ ਜੀ।

**4. ਭੈਣਾਂ ਦੇ ਰੂਪ ਵਿਚ -** 1. ਬੇਬੇ ਨਾਨਕੀ ਜੀ, ਬੀਬੀ ਵੀਰੋ ਜੀ. ਬੀਬੀ ਰੂਪ ਕੌਰ ਜੀ।

**5. ਨੂੰਹਾਂ ਦੇ ਰੂਪ ਵਿਚ -** ਬੀਬੀ ਪੰਜਾਬ ਕੌਰ (ਮਾਤਾ)

**6. ਗੁਰੂ ਘਰ ਦੇ ਪ੍ਰੇਮਣਾਂ ਦੇ ਰੂਪ ਵਿਚ -** ਮਾਤਾ ਸਭਰਾਈ ਜੀ, ਬੀਬੀ ਕੌਲਾਂ ਜੀ, ਬੇਗਮ ਨੂਰਜਹਾਂ ਜੀ, ਮਾਈ ਭਾਗੋ ਜੀ, ਮਾਈ ਸੁਲੱਖਣੀ ਜੀ ਅਤੇ ਹੋਰ ਅਨੇਕਾਂ ਬੀਬੀਆਂ ।

**7. ਗੁਰੂ ਘਰ ਦੀਆਂ ਬੇਅੰਤ ਸ਼ਹੀਦ ਸਿੰਘਣੀਆਂ।**

**8. ਪੰਜਾਬ ਦੀਆਂ ਰਾਣੀਆਂ ਦੇ ਰੂਪ ਵਿਚ -** ਰਾਣੀ ਸਦਾ ਕੌਰ, ਮਹਾਰਾਣੀ ਮਹਿਤਾਬ ਕੌਰ, ਰਾਣੀ ਚੰਦ ਕੌਰ, ਮਹਾਰਾਣੀ ਜਿੰਦਾਂ, ਸ਼ਹਿਜਾਦੀ ਬੰਬਾ ਜਿੰਦਾ,

ਰਾਣੀ ਸਾਹਿਬ ਕੌਰ।

**ਪੰਜਾਬ ਦੀਆਂ ਬਹਾਦਰ ਬੀਬੀਆਂ** - ਬੀਬੀ ਅਨੂਪ ਕੌਰ, ਬੀਬੀ ਸੁਸ਼ੀਲ ਕੌਰ, ਬੀਬੀ ਦੀਪ ਕੌਰ, ਬੀਬੀ ਬਲਜੀਤ ਕੌਰ, ਬੀਬੀ ਨਿਰਭੈ ਕੌਰ, ਬੀਬੀ ਸ਼ਰਨ ਕੌਰ ਆਦਿਕ।

ਇਨ੍ਹਾਂ ਮਹਾਨ ਸਖਸ਼ੀਅਤਾਂ ਦੇ ਸਮੁੱਚੇ ਜੀਵਨ ਪ੍ਰੇਰਨਾ ਦਾ ਸਰੋਤ ਹਨ। ਲੋੜ ਹੈ ਇਨ੍ਹਾਂ ਰਿਸ਼ਤਿਆਂ ਨੂੰ ਵਾਚ ਕੇ, ਪੜ੍ਹ ਕੇ, ਵਿਚਾਰ ਕੇ ਅਜੋਕੇ ਸਮੇਂ ਵਿਚ ਆਪਣੀ ਵਿਰਾਸਤ ਦੀਆਂ ਪੈੜਾਂ ਦੀ ਤਲਾਸ਼ ਕਰਨੀ। ਜੇਕਰ ਅਸੀਂ ਇਨ੍ਹਾਂ ਵੱਖ-ਵੱਖ ਰੂਪਾਂ ਵਿਚ ਆਏ ਰਿਸ਼ਤਿਆਂ ਦੀ ਨਿਸ਼ਾਨਦੇਹੀ (ਪਛਾਣ) ਕਰਕੇ, ਧੇਅ ਬਣਾ ਕੇ ਚਲਾਂਗੇ ਤਾਂ ਅਜੋਕੇ ਖੰਡਿਤ ਪਰਿਵਾਰ ਅਵੱਸ਼ ਹੀ ਸੁੱਖ ਸ਼ਾਂਤੀ, ਪਿਆਰ ਅਤੇ ਪੁਰਾਤਨ ਮਾਹੌਲ ਦੀ ਝਲਕ ਸਿਰਜ ਸਕਦੇ ਹਨ। ਖੇਰੂੰ-ਖੇਰੂੰ ਹੋਈ ਰਿਸ਼ਤਿਆਂ ਦੀ ਪਛਾਣ ਨੂੰ ਜੋੜ ਸਕਦੇ ਹਾਂ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਤੇ ਚੱਲ ਕੇ ਅਨੰਦਮਈ ਜੀਵਨ ਜੀਉਂ ਸਕਦੇ ਹਾਂ। ਇਹ ਸਤਿਕਾਰਤ ਬੀਬੀਆਂ ਸਾਡਾ ਰੋਲ ਮਾਡਲ ਹਨ। ਆਉਣ ਵਾਲੇ ਸਮੇਂ ਵਿਚ ਅਦਾਰਾ 'ਆਤਮ ਮਾਰਗ' ਵਲੋਂ ਸਤਿਕਾਰਤ ਬੀਬੀਆਂ ਵਲੋਂ ਸਿੱਖ ਧਰਮ ਵਿਚ ਪਾਏ ਯੋਗਦਾਨ ਬਾਰੇ ਲੇਖ ਸ਼ੁਰੂ ਕਰਨ ਦਾ ਵਿਚਾਰ ਹੈ। ਇਨ੍ਹਾਂ ਮਹਾਨ ਬੀਬੀਆਂ ਵਲੋਂ ਸਮੇਂ-ਸਮੇਂ ਸਿਰ ਜਨਨੀ, ਮਾਂ, ਧੀ, ਭੈਣ ਅਤੇ ਧਰਮ ਸੁਪਤਨੀ ਦੇ ਰੂਪ ਵਿਚ ਨਿਭਾਏ ਗਏ ਫਰਜ਼ਾਂ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ ਜਾਵੇਗਾ।

ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਬੀਜੀ (ਪਰਮ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਨੂੰ ਵੀ ਵਿਰਾਸਤ ਵਿਚੋਂ ਹੀ ਰੂਹਾਨੀਅਤ ਪ੍ਰਾਪਤ ਹੋਈ। ਆਪ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਵਿਚ ਅਨੰਦ ਮਾਣਦੇ। ਇਸ ਵਿਰਾਸਤ ਦੀ ਸਿਖਰ ਉਸ ਵੇਲੇ ਨਜ਼ਰ ਆਉਂਦੀ ਹੈ ਜਦੋਂ ਸਤਿਕਾਰਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਰਚਿਤ ਪੁਸਤਕ 'ਰੰਗਲੇ ਸੱਜਣ' ਵਿਚ ਮਾਤਾ ਜੀ ਦੇ ਪਿਤਾ ਨੂੰ ਸੰਤ ਹੀਰਾ ਸਿੰਘ ਨਾਮ ਨਾਲ ਸੰਬੋਧਨ ਕੀਤਾ। ਭਾਵ 'ਸੰਤ' ਸ਼ਬਦ ਨਾਲ ਸਤਿਕਾਰਤ ਕੀਤਾ। ਆਪ ਜੀ ਦੇ ਪਿਤਾ ਅਤੇ ਮਾਤਾ ਜੀ ਨਾਮ ਬਾਣੀ ਨਾਲ ਰੰਗੀਆਂ ਰੂਹਾਂ ਸਨ। ਮਾਤਾ ਜੀ 'ਤੇ ਇਸ ਵਿਰਸੇ ਦਾ ਅਸਰ ਹੋਣਾ ਸੁਭਾਵਿਕ ਹੀ ਸੀ। ਮਾਤਾ ਜੀ ਦਾ ਰੋਲ ਰਤਵਾੜਾ ਸਾਹਿਬ ਸੰਸਥਾ ਵਿਚ ਇਕ ਮਿਸਾਲ ਹੈ। ਮਾਤਾ ਜੀ ਦੇ ਜ਼ਿਕਰ ਨਾਲ ਹੀ ਸੰਸਥਾ ਦਾ ਇਤਿਹਾਸਕ ਪ੍ਰਸੰਗ ਪੂਰਾ ਹੁੰਦਾ ਹੈ। ਪ੍ਰੋ. ਮੋਹਨ ਸਿੰਘ ਦੇ ਸ਼ਬਦਾਂ ਵਿਚ ਮਾਂ ਦੇ ਪਿਆਰ ਦੀ ਇਕ ਝਲਕ ਪੇਸ਼ ਹੈ -

*ਮਾਂ ਜਿਹਾ ਘਣਛਾਵਾਂ ਬੂਟਾ ਕਿਤੇ ਨਜ਼ਰ ਨਾ ਆਇਆ,*
*ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸਵਰਗ ਬਣਾਇਆ।*
*ਕੁੱਲ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਂਦੇ,*
*ਪਰ ਇਹ ਬੂਟਾ ਫੁੱਲ ਸੁੱਕਿਆਂ ਮੁਰਝਾਇਆ।*

ਗੁਰਬਾਣੀ ਵਿਚ ਇਸਤ੍ਰੀ ਦੇ 32 ਗੁਣਾਂ (ਦਇਆ, ਨਿਮ੍ਰਤਾ, ਲੱਜਿਆ, ਪਿਆਰ ਆਦਿਕ) ਦਾ ਜ਼ਿਕਰ ਕੀਤਾ ਗਿਆ ਹੈ -

*ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥*
*ਆਗਿਆਕਾਰੀ ਸੁਘੜ ਸਰੂਪ ॥* *ਅੰਗ- ੩੭੧*

ਸਤਿਕਾਰਯੋਗ ਮਾਤਾ ਜੀ ਦੇ ਜੀਵਨ ਵਿਚੋਂ ਇਨ੍ਹਾਂ ਗੁਣਾਂ ਦਾ ਝਲਕਾਰਾ ਵਿਹਾਰਕ ਰੂਪ ਵਿਚ ਸਪੱਸ਼ਟ ਨਜ਼ਰ ਆਉਂਦਾ ਹੈ।

ਆਉ! ਇਸ ਪਾਸੇ ਵਲ ਵਧੀਏ। ਰਤਵਾੜਾ ਸਾਹਿਬ ਇਕ ਵਿਰਾਸਤੀ ਸੰਸਥਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਵਲੋਂ ਆਰੰਭੀ ਇਹ ਸੰਪਰਦਾ ਹੋਤੀ ਮਰਦਾਨ ਅਤੇ ਰਾੜਾ ਸਾਹਿਬ ਦੀ ਸੰਪਰਦਾ ਨਾਲ ਸਿੱਖ ਪੰਥ ਵਿਚ ਬੜੇ ਪਿਆਰ ਤੇ ਸਤਿਕਾਰ ਨਾਲ ਜਾਣੀ ਜਾਂਦੀ ਹੈ। ਪਿਆਰੇ ਮਹਾਂਪੁਰਸ਼ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਨੇ ਇਸ ਸੰਸਥਾ ਦੇ ਬਾਨੀ ਹੋਣ ਦੇ ਨਾਤੇ, ਵਿਰਾਸਤੀ ਪੈੜਾਂ ਵਿਚੋਂ ਹੀ ਇਸ ਸੰਸਥਾ ਦੀ ਸਥਾਪਨਾ ਕੀਤੀ। ਸਤਿਗੁਰਾਂ ਵਲੋਂ ਬਖਸ਼ੇ ਵਡਮੁੱਲੇ ਸ਼ਾਨਾ ਮੱਤੀ ਇਤਿਹਾਸ ਅਤੇ ਵਿਰਸੇ ਨਾਲ ਆਪ ਜੁੜ ਕੇ ਹੋਰਨਾਂ ਨੂੰ ਜੋੜਨ ਲਈ ਸੰਸਥਾ ਦਿਨ ਰਾਤ ਯਤਨਸ਼ੀਲ ਹੈ ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ 'ਆਤਮ ਮਾਰਗ'*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੩੭੫ ਉਪਰ ਅੰਕਿਤ ਕਬੀਰ ਜੀ ਦੇ ਇਸ ਸਲੋਕ ਦਾ ਪਾਠ ਇਸ ਪ੍ਰਕਾਰ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*

*ਅੰਗ- ੧੩੭੫*

ਇਸ ਸਲੋਕ ਵਿਚ ਕਬੀਰ ਜੀ ਦੂਈ ਜਾਂ ਦਵੈਤ ਨੂੰ ਮਿਟਾਉਣ ਦੀ ਲੋੜ ਅਤੇ ਸਾਧਨ ਦਸ ਰਹੇ ਹਨ। ਦੂਈ ਜਾਂ ਦਵੈਤ ਦਾ ਭਾਵ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਹਸਤੀ ਨੂੰ ਮੰਨਣਾ, ਮੈਂ, ਮੇਰੀ ਦਾ ਸੰਸਾਰ ਉਸਾਰ ਲੈਣਾ ਅਤੇ ਉਸ ਵਿਚ ਐਨਾ ਖਚਿਤ ਹੋ ਜਾਣਾ ਕਿ ਇਕ ਦੀ ਹੋਂਦ ਹੀ ਭੁਲਾ ਦੇਣੀ। ਦੂਈ ਦਵੈਤ ਦੀ ਇਸ ਭਾਵਨਾ ਨੂੰ ਕਿਸੇ ਵੀ ਰਸਮੀ ਕਰਮ ਕਾਂਡ ਰਾਹੀਂ ਖਤਮ ਨਹੀਂ ਕੀਤਾ ਜਾ ਸਕਦਾ। ਐਸੀ ਵਿਚਾਰ ਕਬੀਰ ਜੀ ਇਸ ਸਲੋਕ ਤੋਂ ਪਹਿਲੇ ਵਾਲੇ ਸਲੋਕ (ਨੰਬਰ ੨੦੩) ਵਿਚ ਦਰਸਾਉਂਦੇ ਹਨ ਜਿਸ ਦਾ ਪਾਠ ਇਸ ਪ੍ਰਕਾਰ ਹੈ -

*ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥*
*ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥*

*ਅੰਗ- ੧੩੭੫*

ਏਥੇ ਕਬੀਰ ਜੀ ਦੂਈ ਜਾਂ ਦ੍ਵੈਤ ਦਾ ਮਾਨਵੀਕਰਣ ਕਰਦਿਆਂ ਫੁਰਮਾਨ ਕਰਦੇ ਹਨ ਕਿ ਹੇ ਦ੍ਵੈਤ! ਧਰਤੀ ਤੋਂ ਲੈ ਕੇ ਆਕਾਸ਼ ਤੱਕ, ਅਰਥਾਤ ਸਾਰੀ ਸ੍ਰਿਸ਼ਟੀ ਵਿਚ ਤੂੰ ਬਹੁਤ ਬਲਵਾਨ ਹੋ ਕੇ ਵਿਚਰ ਰਹੀ ਹੈਂ ਅਤੇ ਤੈਨੂੰ ਮਾਰ ਮੁਕਾਉਣਾ ਬਹੁਤ ਹੀ ਕਠਨ ਹੈ। ਸਾਧਾਰਣ ਮਨੁੱਖ ਦੀ ਤਾਂ ਕੀ ਗੱਲ, ਛੇ ਦਰਸ਼ਨਾਂ ਦੇ ਗਿਆਨੀ ਅਤੇ ਤਿਆਗੀ - ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਬੋਧੀ ਬੈਰਾਗੀ ਅਤੇ ਜੋਗ ਸਾਧਨਾ ਵਿਚ ਪਰਪੱਕ ਹੋਏ 84 ਸਿੱਧ ਵੀ ਤੇਰੇ ਸਹਿਮ ਵਿਚ, ਤੇਰੇ ਭੈ ਵਿਚ ਹਨ ਅਤੇ ਦ੍ਵੈਤ ਤੋਂ ਮੁਕਤ ਨਹੀਂ ਹੋ ਸਕੇ। ਦ੍ਵੈਤ ਦੀ ਭਾਵਨਾ ਸੱਚਮੁੱਚ ਬਹੁਤ ਪ੍ਰਬਲ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਤੋਂ ਮੁਕਤ ਹੋਣਾ ਅਸੰਭਵ ਹੈ। ਕਬੀਰ ਜੀ ਅਨੁਸਾਰ 'ਦੁਈ' ਭਾਵਨਾ ਨੂੰ ਮਿਟਾਉਣ ਲਈ ਨਾ ਤਿਆਗ, ਨਾ ਜੋਗ ਸਾਧਨਾ, ਨਾ ਕਰਮ ਕਾਂਡ ਦੀ ਲੋੜ ਹੈ। ਸਿਰਫ ਇਕੋ ਹੀ ਤਰੀਕਾ ਹੈ ਕਿ ਆਪਣਾ ਆਪਾ ਪ੍ਰਭੂ ਦੇ ਸਮਰਪਣ ਕਰ ਦਿਤਾ ਜਾਵੇ, ਐਸੀ ਅਰਦਾਸ ਹਰ ਸਮੇਂ ਕੀਤੀ ਜਾਵੇ ਕਿ ਹੇ ਪ੍ਰਭੂ! ਮੇਰੇ ਪਾਸ ਜੋ ਕਿਛੁ ਵੀ ਹੈ ਇਹ ਤਨ, ਮਨ, ਧਨ, ਸਭ ਪ੍ਰਾਪਤੀਆਂ ਜੋ 'ਮੈਂ' ਮੇਰੀ, ਨਾਲ ਜੁੜਿਆ ਹੋਇਆ ਹੈ, ਇਹ ਸਭ ਤੇਰਾ ਹੀ ਦਿਤਾ ਹੋਇਆ ਹੈ, ਇਹ ਮੈਂ ਤੇਰੀ ਹੀ ਭੇਟ ਕਰਦਾ ਹਾਂ, ਤੇਰੀਆਂ ਵਸਤੂਆਂ ਤੈਨੂੰ ਭੇਟ ਕਰਨ ਵਿਚ ਮੇਰਾ ਕੀ ਲਗਦਾ ਹੈ? ਮੇਰੇ ਪੱਲਿਓਂ ਕੁਝ ਖਰਚ ਨਹੀਂ ਹੁੰਦਾ।

ਗੁਰਮਤਿ ਵਿਚ ਸਭ ਕੁਝ ਸਮਰਪਨ ਕਰਨ ਦੀ ਮਨ ਦੀ ਐਸੀ ਬਿਰਤੀ ਨੂੰ ਨਾਮ ਸਿਮਰਨ ਲਈ ਆਵਸ਼ਕ ਕਿਹਾ ਗਿਆ ਹੈ। ਸਮਰਪਨ ਦੇ ਐਸੇ ਅਭਿਆਸ ਨਾਲ ਹੀ ਹਉਮੈ ਦੀ ਦੀਵਾਰ ਟੁੱਟਦੀ ਹੈ। 'ਹਉਮੈ' ਦੀ ਭਾਵਨਾ ਵਿਚ ਮਨੁੱਖ 'ਮੈਂ' 'ਮੇਰੀ' ਦੀਆਂ ਕਥਾ ਕਹਾਣੀਆਂ ਕਰਦਾ 'ਮੈਂ' 'ਮੇਰੀ' ਦਾ ਜਾਪ ਕਰਦਾ ਰਹਿੰਦਾ ਹੈ। ਆਪਾ ਸਮਰਪਨ ਨਾਲ 'ਮੈਂ' ਦੀ ਥਾਂ 'ਤੂੰ' ਵਿਆਪਕ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ 'ਤੂੰ ਤੂੰ' ਕਰਦਾ ਮਨੁੱਖ 'ਤੂੰ ਦਾ ਰੂਪ ਹੋ ਜਾਂਦਾ ਹੈ, ਤੂੰ ਵਿਚ ਹੀ ਲੀਨ ਹੋ ਜਾਂਦਾ ਹੈ, ਅੰਦਰੋਂ ਮੈਂ ਮੇਰੀ ਦਾ ਖਿਆਲ ਮਿਟਦਾ ਜਾਂਦਾ ਹੈ, ਤੂੰ ਦਾ ਸਿਮਰਨ ਕਰਦਿਆਂ ਅੰਦਰੋਂ ਆਪਣੇ ਪਰਾਏ ਵਾਲਾ ਵਿਤਕਰਾ ਵੀ ਮਿਟਦਾ ਜਾਂਦਾ ਹੈ। ਜਦੋਂ ਦੂਈ ਮਿਟ ਜਾਂਦੀ ਹੈ ਤਾਂ ਸਾਧਕ ਜਿਧਰ ਵੇਖਦਾ ਹੈ, ਉਸ ਨੂੰ ਹਰ ਥਾਂ 'ਤੂੰ' ਹੀ ਤੂੰ ਵਿਆਪਕ ਦਿਸਦਾ ਹੈ। ਕਬੀਰ ਜੀ ਦਾ ਫੁਰਮਾਨ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*

*ਅੰਗ- ੧੩੭੫*

ਜਦੋਂ ਮਨੁੱਖ ਮੈਂ ਮੇਰੀ ਦੀ ਵਲੱਗਣ ਵਿਚੋਂ ਨਿਕਲ ਕੇ ਪ੍ਰਮਾਤਮਾ ਦੀ ਅਨੰਤਤਾ ਅਤੇ ਬੇਅੰਤਤਾ ਦੇ ਅਨੁਭਵ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਹਰ ਪਾਸੇ ਬ੍ਰਹਮ ਹੀ ਬ੍ਰਹਮ ਦਿਸਦਾ ਹੈ, ਹਰ ਆਵਾਜ਼ ਬ੍ਰਹਮ ਦੀ ਆਵਾਜ਼ ਹੀ ਸੁਣਦੀ ਹੈ, ਉਹ ਇਕ ਬ੍ਰਹਮ

ਦੀ ਵਿਚਾਰ ਵਿਚ ਹੀ ਮੁਗਧ ਰਹਿੰਦਾ ਹੈ, ਸਭ ਪਾਸੇ ਉਸ ਦਾ ਹੀ ਪਸਾਰਾ ਵੇਖਦਾ ਹੈ, ਉਹ ਕਰਤੇ ਤੋਂ ਬਿਨਾਂ ਕਿਸੇ ਹੋਰ ਹਸਤੀ ਨੂੰ ਨਹੀਂ ਮੰਨਦਾ। ਪੰਜਵੇਂ ਸਤਿਗੁਰੂ ਦਾ ਫੁਰਮਾਨ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

'ਆਤਮ ਪਸਾਰੇ' ਦਾ ਅਨੁਭਵ ਪ੍ਰਾਪਤ ਕਰਨ ਲਈ ਆਤਮ ਸਮਰਪਣ ਕਰਨਾ ਆਵਸ਼ਕ ਹੈ ਜਿਸ ਦਾ ਕਬੀਰ ਜੀ ਜ਼ਿਕਰ ਕਰ ਰਹੇ ਹਨ, ਜਿਸ ਦਾ ਗੁਰਬਾਣੀ ਵਿਚ ਬਾਰ-ਬਾਰ ਜ਼ਿਕਰ ਹੈ, ਜਿਸ ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਆਤਮ ਸਮਰਪਣ ਬਿਨਾਂ 'ਹਉਮੈ' ਦਾ ਅਭਾਵ ਨਹੀਂ ਹੁੰਦਾ, 'ਹਉਮੈ' ਜੋ ਬਹੁਤ ਵੱਡਾ ਰੋਗ ਮੰਨਿਆ ਗਿਆ ਹੈ, 'ਹਉਮੈ' ਜੋ ਮਨੁੱਖ ਨੂੰ ਸੱਚ ਨਾਲੋਂ ਤੋੜ ਕੇ ਸੰਸਾਰ ਨਾਲ ਜੋੜਦੀ ਹੈ। ਇਸ ਨੂੰ ਥੋੜ੍ਹਾ ਵਿਸਥਾਰ ਵਿਚ ਵਿਚਾਰਨਾ ਉਚਿਤ ਹੋਵੇਗਾ।

ਗੁਰਬਾਣੀ ਅਨੁਸਾਰ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਨਾਮ ਸਿਮਰਨ ਰਾਹੀਂ ਪ੍ਰਭੂ ਪ੍ਰਾਪਤੀ ਹੈ, ਇਹ ਜੀਵਨ 'ਗੋਬਿੰਦ ਮਿਲਣ ਦੀ ਬਰੀਆ' ਹੈ, ਮਿਲਾਪ ਦਾ ਇਕੋ ਇਕ ਸਾਧਨ ਹੈ - 'ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥' ਇਸ ਯੁੱਗ ਵਿਚ ਹੋਰ ਕੋਈ ਵੀ ਸਾਧਨ, ਤੀਰਥ ਗਮਨ, ਯੋਗ ਸਾਧਨਾ, ਤਪ, ਵਰਤ, ਪੁੰਨ ਦਾਨ ਸਾਰਥਕ ਨਹੀਂ, ਇਹ ਨਾਮ ਦੀ ਰੁੱਤ ਹੈ ਅਤੇ ਕੇਵਲ ਪ੍ਰਭੂ ਨਾਮ ਹੀ ਇਸ ਰੁੱਤ ਵਿਚ ਪ੍ਰਫੁੱਲਤ ਹੁੰਦਾ ਹੈ। ਨਾਮ ਅਮੋਲਕ ਵਸਤੂ ਹੈ, ਇਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

ਨਾਮ ਅਭਿਆਸ ਵਿਚ ਸਭ ਤੋਂ ਵੱਡੀ ਰੁਕਾਵਟ 'ਹਉਮੈ' ਹੈ। ਗੁਰੂ ਜੀ ਅਨੁਸਾਰ ਜਿਥੇ 'ਹਉਮੈ' ਹੈ, ਓਥੇ ਨਾਮ ਨਹੀਂ ਵਸ ਸਕਦਾ। ਹਉਮੈ ਅਤੇ ਨਾਮ ਦੋ ਵਿਪਰੀਤ ਵਸਤੂਆਂ ਹਨ। ਗੁਰੂ ਫੁਰਮਾਨ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

ਇਹ ਅਭਿਮਾਨ ਜਾਂ ਅਹੰਕਾਰ ਨਾਲੋਂ ਵੱਖਰੀ ਵਸਤੂ ਹੈ। ਅਹੰਕਾਰ ਤਾਂ ਪ੍ਰਾਪਤ ਵਸਤੂਆਂ ਜਾਂ ਪਦਵੀਆਂ ਦਾ ਹੁੰਦਾ ਹੈ ਪਰ ਇਹ ਤਾਂ 'ਮੈਂ' ਅਤੇ 'ਮੇਰੀ' ਦੀ ਭਾਵਨਾ ਹੈ ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਕਰਮਾਂ ਲਈ ਪ੍ਰੇਰਦੀ ਹੈ, ਇਨ੍ਹਾਂ ਚੰਗੇ ਮਾੜੇ ਕਰਮਾਂ ਦੇ ਸੰਸਕਾਰ ਬਣਦੇ ਹਨ, ਇਹ ਸੰਸਕਾਰ ਮਨੁੱਖ ਨੂੰ ਜਨਮ-ਮਰਨ ਦੇ ਗੇੜ ਵਿਚ ਲਈ ਫਿਰਦੇ ਹਨ। ਇਨ੍ਹਾਂ ਸੰਸਕਾਰਾਂ ਅਧੀਨ ਹੀ ਜਦ ਤਕ ਮਨੁੱਖ 'ਹਉ' ਵਿਚ ਹੈ, ਰੱਬ ਨਾਲੋਂ ਵੱਖਰੀ ਹਸਤੀ ਬਣਾਈ ਬੈਠਾ ਹੈ, ਓਦੋਂ ਤਾਈ ਕਦੇ ਜਗਤ ਵਿਚ ਆਉਂਦਾ ਹੈ, ਕਦੇ ਜਗਤ ਤੋਂ ਚਲਾ ਜਾਂਦਾ ਹੈ, ਕਦੇ ਜੰਮਦਾ ਹੈ, ਕਦੇ ਮਰਦਾ ਹੈ। ਸਾਰਾ ਲੈਣ ਦੇਣ, ਵਰਤੋਂ ਵਿਹਾਰ, ਸੱਚ, ਝੂਠ, ਪਾਪ, ਪੁੰਨ, ਨਰਕ ਸੁਰਗ, ਦੁਖ ਸੁੱਖ, ਜਾਤ ਪਾਤ, ਮੂਰਖਤਾ, ਸਿਆਣਪ, ਗੱਲ ਕੀ ਮਨੁੱਖ ਦੀ ਸਾਰੀ ਜੀਵਨ ਕਿਰਿਆ ਦਾ ਕੇਂਦਰ ਬਿੰਦੂ 'ਹਉ' ਦੀ ਵੱਖਰੀ ਹੋਂਦ ਹੈ, ਇਹੋ ਉਸ ਦੇ ਬੰਧਨ ਅਤੇ ਰੱਬ ਤੋਂ ਵਿਛੋੜੇ ਦਾ ਮੁੱਖ ਕਾਰਨ ਹੈ। ਜਦੋਂ ਹੀ ਉਸ ਨੂੰ ਵਿਛੋੜੇ ਦੀ ਇਸ ਦਸ਼ਾ ਦੀ ਅਤੇ ਆਪਣੀ ਵੱਖਰੀ ਹੋਂਦ ਦੀ ਹਦਬੰਦੀ ਦੀ ਕੈਦ ਦੀ ਸੋਝੀ ਹੋ ਜਾਂਦੀ ਹੈ, ਤਦੋਂ ਹੀ ਇਸ ਦੀ ਹਉਂ ਟੁੱਟਣ ਦੀ ਸੰਭਾਵਨਾ ਬਣ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਇਸ ਸਾਰੀ ਸਥਿਤੀ ਦਾ ਉਲੇਖ ਇਕ ਸਲੋਕ ਵਿਚ ਇਸ ਤਰ੍ਹਾਂ ਕੀਤਾ ਹੈ -

*ਹਉ ਵਿਚਿ ਆਇਆ ਹਉ ਵਿਚਿ ਗਇਆ ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥*
*ਹਉ ਵਿਚਿ ਦਿਤਾ ਹਉ ਵਿਚਿ ਲਇਆ ॥*
*ਹਉ ਵਿਚਿ ਖਟਿਆ ਹਉ ਵਿਚਿ ਗਇਆ ॥*

*ਅੰਗ- ੪੬੬*

ਅਖੀਰ ਤੇ ਨਿਰਣਾ ਦਿਤਾ ਹੈ - ਹਉਮੈ ਬੁਝੈ ਤਾ ਦਰੁ ਸੁਝੈ' 'ਹਉ' ਦੀ ਭਾਵਨਾ, ਕਬੀਰ ਜੀ ਦੀ ਵਿਚਾਰਧਾਰਾ, 'ਮੇਰਾ ਮੁਝ ਮਹਿ ਕਿਛੁ ਨਹੀ' ਦੀ ਆਪਾ ਸਮਰਪਣ ਦੀ ਭਾਵਨਾ, ਦੇ ਵਿਪਰੀਤ, ਉਲਟ ਹੈ। 'ਮੈਂ' 'ਮੇਰੀ' ਦੀ ਹਉਮੈ ਵਾਦੀ ਭਾਵਨਾ ਨੂੰ 'ਤੂੰ' 'ਤੇਰਾ' ਦੀ ਭਾਵਨਾ ਵਿਚ ਬਦਲਣ ਨਾਲ ਹੀ ਪ੍ਰਭੂ ਦੇ ਦਰ ਦੀ ਸੋਝੀ ਹੋ ਸਕਦੀ ਹੈ। ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਹੀ ਨਹੀਂ, ਸਮਾਜਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਵੀ 'ਹਉਮੈਵਾਦੀ' ਮਨੁੱਖ ਸਵਾਰਥੀ, ਖੁਦਗਰਜ਼, ਈਰਖਾਲੂ ਅਤੇ ਨਿਰਦਾਈ ਹੋਣ ਦੀ ਸੰਭਾਵਨਾ ਰਖਦਾ ਹੈ। ਉਸ ਦੀ ਹਰ ਕਿਰਿਆ ਨਿਜ ਦੇ ਲਾਭ ਨੂੰ ਮੁੱਖ ਰੱਖਦੀ ਹੈ ਜਦ ਕਿ 'ਹਉਂ' ਰਹਿਤ ਮਨੁੱਖ ਪਰਉਪਕਾਰੀ ਹੁੰਦਾ ਹੈ, ਦੂਜਿਆਂ ਦੇ ਭਲੇ ਲਈ ਕਿਰਿਆਸ਼ੀਲ ਹੁੰਦਾ ਹੈ, ਸੇਵਾ ਵਿਚੋਂ ਖੁਸ਼ੀ ਲੈਂਦਾ ਹੈ, ਸਾਰੀ ਮਨੁੱਖਤਾ ਨੂੰ ਆਪਣੇ ਪ੍ਰਭੂ ਦੀ ਕਿਰਤਾ ਮੰਨਦਾ ਹੈ, 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਅੰਗ-97) ਦੀ

ਭਾਵਨਾ ਰਖਦਾ ਹੈ। ਸਾਰੀ ਮਾਨਸ ਜਾਤੀ ਨੂੰ ਇਕ ਸਰੂਪ, ਇਕ ਭਾਈਚਾਰਾ ਮੰਨਦਾ ਹੈ। ਉਸ ਦੀ ਦ੍ਰਿਸ਼ਟੀ 'ਨਾ ਕੋ ਬੈਰੀ ਨਹੀ ਬਿਗਾਨਾ' ਵਾਲੀ ਦ੍ਰਿਸ਼ਟੀ ਬਣ ਜਾਂਦੀ ਹੈ। ਐਸਾ ਮਨੁੱਖ ਨਵੇਂ ਨਰੋਏ ਅਤੇ ਦੇਸ਼ ਦਾ ਨਿਰਮਾਣ ਕਰਦਾ ਹੈ। ਇਸ ਦੇ ਵਿਪਰੀਤ 'ਹਉ' ਦੀ ਭਾਵਨਾ ਘਾਤਕ ਹੈ, ਆਪਣੇ ਲਈ, ਦੂਜਿਆਂ ਲਈ, ਸਮਾਜ ਲਈ, ਦੇਸ਼ ਲਈ ਅਤੇ ਕੁਲ ਦੁਨੀਆਂ ਲਈ।'ਹਉਂ' ਵਿਚ ਵਿਚਰਦਾ ਚੰਗੇਜ਼ ਖਾਨ ਜਾਂ ਹਿਟਲਰ ਮਨੁੱਖਤਾ ਦੇ ਵਿਨਾਸ਼ ਦਾ ਕਾਰਣ ਬਣ ਸਕਦਾ ਹੈ। ਏਸੇ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਹਉਮੈ ਦੀ ਇਸ ਰੁਚੀ ਨੂੰ ਦੀਰਘ ਰੋਗ ਕਹਿੰਦੇ ਹਨ। ਦੈਵੀ ਕਾਨੂੰਨ, ਰੱਬੀ ਹੁਕਮ ਅਨੁਸਾਰ, ਪਿਛਲੇ ਕੀਤੇ ਕੰਮਾਂ ਦੇ ਸੰਸਕਾਰਾਂ ਅਨੁਸਾਰ, ਪਹਿਲਾਂ ਬਣੀ ਹਉਂ ਵਾਲੀ ਸ਼ਖਸ਼ੀਅਤ ਦੇ ਸੁਭਾਅ ਅਨੁਸਾਰ ਮਨੁੱਖ ਉਹੀ ਕਰਮ ਕਰਦਾ ਹੈ ਜਿਸ ਨਾਲ ਉਸ ਦੀ ਉਹ ਸ਼ਖਸ਼ੀਅਤ ਬਣੀ ਰਹੇ। ਇਸ ਤਰ੍ਹਾਂ ਇਹ ਇਕ ਲੰਮਾ ਰੋਗ ਬਣ ਜਾਂਦਾ ਹੈ ਪਰ ਇਹ ਰੋਗ ਲਾ-ਇਲਾਜ ਨਹੀਂ। ਗੁਰੂ ਦਾ ਸ਼ਬਦ ਇਸ ਹਉਮੈ ਰੋਗ ਨੂੰ ਕੱਟਣ ਦਾ ਇਕੋ ਇਕ ਸਾਧਨ ਹੈ। ਗੁਰੂ ਜੀ ਦਾ ਫੁਰਮਾਨ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥*
*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥*
*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*

*ਅੰਗ- ੪੬੬*

ਏਥੇ ਹਉਮੈ ਨਵਿਰਤੀ ਦਾ ਸਾਧਨ ਗੁਰੂ ਦੇ ਸ਼ਬਦ ਦੀ ਕਮਾਈ ਦਸਿਆ ਹੈ। ਗੁਰੂ ਦੇ ਸ਼ਬਦ ਦੀ ਕਮਾਈ ਦਾ ਭਾਵ ਹੈ ਗੁਰਬਾਣੀ ਵਿਚ ਵਿਅਕਤ ਵਿਚਾਰਧਾਰਾ ਨੂੰ ਸਮਝਣ ਅਤੇ ਉਸ ਅਨੁਸਾਰ ਜੀਵਨ ਢਾਲਣਾ। ਗੁਰੂ ਦੇ ਸ਼ਬਦ ਦੀ ਕਮਾਈ ਦਾ ਭਾਵ ਹੈ, ਗੁਰੂ ਤੋਂ ਪ੍ਰਾਪਤ ਹੋਏ 'ਨਾਮ' ਦੀ ਕਮਾਈ ਕਰਨਾ ਅਤੇ ਗੁਰੂ ਦੇ ਸ਼ਬਦ ਦੇ ਸੰਜਮ ਦੀ ਵਿਆਖਿਆ ਪ੍ਰਾਪਤ ਹੈ। ਜਪੁਜੀ ਦੀ ਆਰੰਭਿਕ ਪਉੜੀ ਵਿਚ ਐਸੀ ਜੁਗਤਿ ਨੂੰ 'ਸਚਿਆਰ' ਹੋਣ ਦੀ ਜੁਗਤਿ ਕਿਹਾ ਹੈ। ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਸਚਿਆਰ ਪਦ ਦੀ ਪ੍ਰਾਪਤੀ ਹੈ। ਸਚਿਆਰਾ ਹੋਣਾ ਮਨ ਦੀ ਸੁੱਚਤਾ ਹੈ ਜੋ ਬਾਹਰੀ ਤੀਰਥ ਇਸ਼ਨਾਨ ਨਾਲ ਪ੍ਰਾਪਤ ਨਹੀਂ ਹੁੰਦੀ ਹੈ, ਸਰੀਰਕ ਇਕ ਤਾਰ ਸਮਾਧੀਆਂ ਨਾਲ ਵੀ ਇਹ ਅਵਸਥਾ ਨਹੀਂ ਮਿਲ ਸਕਦੀ। ਸਚਿਆਰ ਹੋਣ ਦਾ ਭਾਵ ਹੈ ਮਨ ਦੀ ਸੰਪੂਰਣ ਤ੍ਰਿਪਤੀ, ਸਾਰੀਆਂ ਤ੍ਰਿਸ਼ਨਾਵਾਂ ਅਤੇ ਭੁੱਖਾਂ ਦੀ ਸਮਾਪਤੀ ਜੋ ਸੰਸਾਰਕ ਪਦਾਰਥਾਂ ਦੇ ਅੰਬਾਰ ਇਕੱਠੇ ਕਰਨ ਨਾਲ ਨਹੀਂ ਹੋ ਸਕਦੀ। ਫਿਰ ਇਸ ਹਉਮੈ ਤੇ ਦ੍ਵੈਤ ਦੀ ਦੀਵਾਰ ਨੂੰ ਜੋ ਮਨੁੱਖ ਅਤੇ ਰੱਬ ਦੇ ਮਿਲਾਪ ਵਿਚ ਬਾਧਕ ਬਣੀ ਹੋਈ ਹੈ, ਕਿਵੇਂ ਤੋੜਿਆ ਜਾਵੇ।

ਇਸ ਪ੍ਰਸ਼ਨ ਅਤੇ ਉਤਰ ਨੂੰ ਜਪੁਜੀ ਦੀ ਪਹਿਲੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਸੰਖੇਪ ਸ਼ਬਦ ਵਿਚ ਵਿਅਕਤ ਕੀਤਾ ਹੈ। ਪ੍ਰਸ਼ਨ ਹੈ - ਕਿਵ ਸਚਿਆਰਾ ਹੋਈਐ? ਕਿਵ ਕੂੜੈ ਤੁਟੈ ਪਾਲਿ" ਉਤਰ ਹੈ - 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'

ਸਾਰਾ ਸੰਸਾਰ, ਸਾਰਾ ਬ੍ਰਹਿਮੰਡ, ਸਾਰੇ ਆਕਾਰ, ਸਾਰੇ ਜੀਅ ਜੰਤ ਦੈਵੀ ਹੁਕਮਿ, 'ਕੀਤਾ ਪਸਾਉ ਏਕੋ ਕਵਾਉ' ਅਨੁਸਾਰ ਹੋਂਦ ਵਿਚ ਆਏ ਅਤੇ ਇਸ ਦੈਵੀ ਹੁਕਮ ਵਿਚ ਹੀ ਕਿਰਿਆਸ਼ੀਲ ਹਨ। ਮਨੁੱਖ ਦੀ ਹੋਂਦ ਵੀ ਦੈਵੀ ਹੁਕਮ ਵਿਚ ਹੈ ਅਤੇ ਇਸ ਹੁਕਮ ਵਿਚ ਹੀ ਉਹ ਕਿਰਿਆਸ਼ੀਲ ਹੈ। ਦੈਵੀ ਹੁਕਮ ਦੀ ਇਸ ਸਰਬ ਵਿਆਪਕਤਾ ਦੇ ਸਨਮੁੱਖ ਮਨੁੱਖ ਦੀ 'ਹਉਮੈ' ਨਿਰਮੂਲ ਅਤੇ ਨਿਰਾਰਥਕ ਹੈ। ਹੁਕਮ ਨੂੰ ਸਮਝਣ ਅਤੇ ਬੁੱਝਣ ਵਾਲਾ ਵਿਅਕਤੀ ਕਦੀ 'ਹਉਮੈ' ਵਾਦੀ ਨਹੀਂ ਹੋਵੇਗਾ। ਫੁਰਮਾਨ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*

*ਅੰਗ- ੧*

'ਹਉਮੈ' ਦੀ ਸੂਝ ਵੀ ਗੁਰੂ ਤੋਂ ਹੁੰਦੀ ਹੈ, ਹਉਮੈ ਦੀ ਨਵਿਰਤੀ ਦਾ ਮਾਰਗ ਵੀ ਗੁਰੂ ਹੀ ਦਸਦਾ ਹੈ। ਐਸੀ ਸੋਝੀ ਪ੍ਰਾਪਤ ਕਰਨ ਲਈ ਗੁਰੂ ਦੀ ਸ਼ਰਨ ਵਿਚ ਜਾਣਾ ਆਵੱਸ਼ਕ ਹੈ। ਗੁਰੂ ਗੋਵਿੰਦ ਦਾ ਹੀ ਰੂਪ ਹੈ। ਗੁਰੂ ਪਾਸ ਸਮਰਪਨ, ਪ੍ਰਭੂ ਅੱਗੇ ਸਮਰਪਨ ਹੈ। ਦੋਹਾਂ ਵਿਚ ਕੋਈ ਭੇਦ ਨਹੀਂ। ਗੁਰੂ ਪਾਸ ਤਨ, ਮਨ, ਧਨ ਦਾ ਸਮਰਪਣ, ਦਰਅਸਲ ਆਪਣੀ ਵੱਖਰੀ ਹੋਂਦ ਦਾ ਸਮਰਪਣ ਹੈ, 'ਹਉਮੈ' ਦਾ ਸਮਰਪਣ ਹੈ, ਆਪਣੇ ਗਿਆਨ ਅਤੇ ਝੂਠੀਆਂ ਪ੍ਰਾਪਤੀਆਂ ਦੇ ਅਹੰਕਾਰ ਦਾ ਸਮਰਪਣ ਹੈ। ਪਰ ਅਸਲ ਸਮਰਪਣ ਦੀ ਭਾਵਨਾ ਉਦੋਂ ਉਜਾਗਰ ਹੁੰਦੀ ਹੈ ਜਦੋਂ ਜਗਿਆਸੂ ਹਿਰਦੇ ਦੀਆ ਡੂੰਘਾਈਆਂ ਵਿਚੋਂ ਕਬੀਰ ਜੀ ਦੇ ਇਸ ਸਲੋਕ ਦਾ ਉਚਾਰਨ ਕਰਦਾ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*

*ਅੰਗ- ੧੩੭੫*

# ਈਸ਼੍ਵਰ ਅਮੋਲਕ ਲਾਲ
# (ਭਾਗ ਦੂਜਾ)
# ਈਸ਼ਵਰ ਹਰੀ ਅਤੇ ਹਰੀ ਈਸ਼ਵਰ

## 2. ਈਸ਼ਰ ਹਰੀ (1-6-1961)

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*

**ਵਾਹਿਗੁਰੂ ਤੂੰ ਹੀ ਹੈਂ।**

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*

*ਗਉੜੀ ਮਹਲਾ ੯*
*ਨਰ ਅਚੇਤ ਪਾਪ ਤੇ ਡਰੁ ਰੇ ॥*
*ਦੀਨ ਦਇਆਲ ਸਗਲ ਭੈ ਭੰਜਨ*
*ਸਰਨਿ ਤਾਹਿ ਤੁਮ ਪਰੁ ਰੇ ॥ ੧ ॥ ਰਹਾਉ ॥*
*ਬੇਦ ਪੁਰਾਨ ਜਾਸ ਗੁਨ ਗਾਵਤ*
*ਤਾ ਕੋ ਨਾਮੁ ਹੀਐ ਮੋ ਧਰੁ ਰੇ ॥*
*ਪਾਵਨ ਨਾਮੁ ਜਗਤਿ ਮੈ ਹਰਿ ਕੋ*
*ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥ ੧ ॥*
*ਮਾਨਸ ਦੇਹ ਬਹੁਰਿ ਨਹ ਪਾਵੈ*
*ਕਛੂ ਉਪਾਉ ਮੁਕਤਿ ਕਾ ਕਰੁ ਰੇ ॥*
*ਨਾਨਕ ਕਹਤ ਗਾਇ ਕਰੁਨਾ ਮੈ*
*ਭਵਸਾਗਰ ਕੈ ਪਾਰਿ ਉਤਰੁ ਰੇ ॥ ਅੰਗ- ੨੨੦*

ਅਸ਼ਰਫ਼-ਉਲ-ਮਖ਼ਲੂਕਾਤ (ਸਾਰੀਆਂ ਜੂਨੀਆਂ ਦਾ ਬਾਦਸ਼ਾਹ) ਇਸ ਮਾਨੁਖ ਤਨ ਕੋ ਕਹਿਤੇ ਹੈਂ॥ ਕਿਉਂਕਿ ਤਮਾਮ ਚੁਰਾਸੀ ਲਾਖ ਜੂਨੀਓਂ ਸੇ ਆਲ੍ਹਾ ਹੈ। ਜੈਸੇ ਦੁਨੀਆਂ ਮੇਂ ਤਮਾਮ, ਆਦਮੀਓਂ ਸੇ ਰਾਜਾ ਯਾ ਬਾਦਸ਼ਾਹ ਆਲ੍ਹਾ ਮਾਨਾ ਗਿਆ ਹੈ ਵੈਸੇ ਹੀ ਮਾਨੁਖ ਸ਼ਰੀਰ ਤਮਾਮ ਸ਼ਰੀਰੋਂ ਸੇ ਆਲ੍ਹਾ ਹੈ।

## 3. ਮਾਨੁਖ ਤਨ ਕਾ ਪਰਮ ਪਰਯੋਜਨ

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਪ੍ਰਮਾਤਮਾ ਕੇ ਮਿਲਾਪ ਵਾਸਤੇ ਯੇਹ ਮਾਨੁਖ ਤਨ ਹੈ। ਮਨ ਕੋ ਇਕਾਗਰ ਕਰਨੇ ਕੇ ਤੀਨ ਉਪਾਏ ਹੈ ਜਿਨ ਸੇ ਮਨ ਕੀ ਰੋਕਥਾਮ ਜਲਦੀ ਹੋ ਜਾਤੀ ਹੈ।

**1. ਤਰੀਕਾ ਅੱਵਲ -** ਮਨ ਕੋ ਜ਼ਬਰਦਸਤੀ ਰੋਕਨੇ ਕੀ ਕੋਸ਼ਿਸ਼ ਨਾ ਕਰੋ। ਇਸ ਕੇ ਸਾਥ ਕੁਸ਼ਤੀ ਔਰ ਜੱਦੋ-ਜਹਿਦ ਨਾ ਕਰੋ। ਸਿਰਫ ਅਪਨੇ ਖ਼ਿਆਲਾਤ ਕੋ ਗੌਰ ਸੇ ਦੇਖੋ ਔਰ ਮਨ ਕੀ ਖ਼ਸਲਤ (ਪੱਕੀ ਆਦਤ) ਕੋ ਪਹਿਚਾਨੋ ਕਿ ਕਿਸ ਕਿਸਮ ਕਾ ਹੈ ਔਰ ਕਿਧਰ ਜਾਤਾ ਹੈ, ਇਸ ਕੋ ਇਧਰ ਉਧਰ ਕੋ ਦੌੜਨੇ ਕੀ ਮਨਜ਼ੂਰੀ ਨਾ ਦੋ। ਲੇਕਿਨ ਰੋਕੋ ਭੀ ਮਤ ਔਰ ਖੁੱਲ੍ਹੀ ਛੁੱਟੀ ਦੇ ਦੋ। ਤੁਮ ਦੇਖੋਗੇ ਕਿ ਥੋੜ੍ਹੀ ਦੇਰ ਕੇ ਬਾਦ ਖੁਦ ਹੀ ਸ਼ਾਂਤ ਹੋ ਜਾਏਗਾ ਔਰ ਇਸੀ ਤਰ੍ਹਾਂ ਕੇ ਅਭਿਆਸ ਸੇ ਆਹਿਸਤਾ-ਆਹਿਸਤਾ ਸਥਿਰ ਹੋ ਜਾਏਗਾ ਔਰ ਆਮ, ਸਾਧਾਰਨ ਔਰ ਔਸਤ ਦਰਜੇ ਕੇ ਸਾਧਨ ਜਿਨ ਕੀ ਤਾਦਾਦ ਬਹੁਤ ਜ਼ਿਆਦਾ ਹੈ, ਇਸੀ ਤਰੀਕੇ ਪਰ ਚਲਤੇ ਹੈਂ।

2. **ਮਨ ਕੋ ਰੋਕਨੇ ਕਾ ਤਰੀਕਾ ਦੋਮ (ਦੂਜਾ) -** ਯੇਹ ਤਰੀਕਾ ਉਨ ਲੋਗੋਂ ਕਾ ਹੈ ਜਿਨ ਕੀ ਵੀਚਾਰ ਸ਼ਕਤੀ ਕੁਝ ਬੜ੍ਹੀ ਹੂਈ ਹੈ ਔਰ ਬੁੱਧੀ ਬਲ ਕੁਛ ਜ਼ਿਆਦਾ ਹੈ। ਜੋ ਪਹਿਲੇ ਦਰਜੇ ਸੇ ਕਿਸੀ ਕਦਰ ਊਂਚੇ ਹੈਂ। ਇਸ ਮੇਂ ਸਾਧਕ ਅਪਨੇ ਮਨ ਕੇ ਦੋ ਹਿੱਸੇ ਬਨਾ ਲੇਤਾ ਹੈ - ਏਕ ਸੁਆਮੀ ਔਰ ਦੂਸਰਾ ਸੇਵਕ। ਸੁਆਮੀ ਹੋ ਕਰ ਸੇਵਕ ਕੋ ਬੁਰੇ ਖ਼ਿਆਲੋਂ ਸੇ ਰੋਕਤਾ ਰਹਿਤਾ ਹੈ ਔਰ ਆਹਿਸਤਾ-ਆਹਿਸਤਾ ਖ਼ਿਆਲੋਂ ਪਰ ਕਾਬੂ ਪਾ ਕਰ ਇਨ ਕੀ ਪੂਰੀ ਰੋਕਥਾਮ ਕਰ ਲੇਤਾ ਹੈ।

**3. ਮਨ ਕੋ ਰੋਕਨੇ ਕਾ ਤੀਸਰਾ ਤਰੀਕਾ -** ਯੇਹ ਮਨ ਕੋ ਰੋਕਨੇ ਕਾ ਤੀਸਰਾ ਤਰੀਕਾ ਹੈ ਜੋ ਕਿ ਯੋਗਿਓਂ ਕਾ ਤਰੀਕਾ ਹੈ। ਆਰਾਮ ਸੇ ਧਿਆਨ ਜਮਾਨੇ ਕੇ ਲੀਏ ਬੈਠ ਜਾਓ ਲੇਕਿਨ ਸੋਚਨਾ ਬੰਦ ਕਰ ਦੋ। ਦਿਮਾਗ਼ ਕੋ ਖ਼ਾਲੀ ਕਰ ਦੋ ਔਰ ਅਪਨੇ ਮਨ ਕੋ ਦੇਖੋ ਕਿ ਖ਼ਿਆਲਾਤ ਕਿਧਰ ਸੇ ਆਤੇ ਹੈਂ। ਤੁਮ ਦੇਖੋਗੇ ਕਿ ਬਾਹਰ ਸੇ ਆਤੇ ਹੈਂ। ਇਨ ਕੋ ਮਨ ਮੇਂ ਦਾਖਿਲ ਹੋਨੇ ਸੇ ਪਹਿਲੇ ਹੀ ਨਿਕਾਲ ਕਰ

ਫੈਂਕਤੇ ਰਹੋ ਔਰ ਬਾਹਰ ਧਕੇਲਤੇ ਰਹੋ। ਹੱਤਾ ਕਿ (ਜਦੋਂ ਤਕ) ਤੁਮਾਰਾ ਮਨ ਪੂਰੀ ਤਰ੍ਹਾਂ ਖਾਮੋਸ਼ ਔਰ ਅਸਥਿਰ ਨਾ ਹੋ ਜਾਏ। ਇਸ ਤਰ੍ਹਾਂ ਥੋੜ੍ਹੇ ਦਿਨੋਂ ਮੇਂ ਹੀ ਨਿਰਬਾਨ ਪਦ ਯਾ ਨਿਰਗੁਣ ਬ੍ਰਹਮ ਕਾ ਸਾਖ਼ਿਆਤਕਾਰ ਹੋ ਜਾਏਗਾ। ਲੇਕਿਨ ਯੇਹ ਜਲਦੀ ਕੀ ਅਵਸਥਾ ਕੀ ਅਪਾਰ ਕ੍ਰਿਪਾ ਸੇ ਹੀ ਪ੍ਰਾਪਤ ਹੋ ਸਕਤੀ ਹੈ ਔਰ ਜਿਸ ਕਾ ਕੁਛ ਪਹਿਲੇ ਭੀ ਸਾਧਨ ਕੀਆ ਹੋਤਾ ਹੈ।

ਜੈਸਾ ਸੁਖ ਤਮਾਮ ਪ੍ਰਵਿਰਤੀਓਂ ਸੇ ਰਹਿਤ ਏਕਾਂਤ ਮੈਂ ਨਿਵਾਸ ਕਰਨੇ ਵਾਲੇ ਮੁਨੀ ਕੋ ਹੋਵੇ ਹੈ ਔਰ ਤ੍ਰਿਸ਼ਨਾ ਰਹਿਤ ਵੈਰਾਗਵਾਨ ਵਿਵੇਕੀ ਪੁਰਸ਼ ਕੋ ਜੋ ਸੁਖ ਹੋਵੇ ਹੈ। ਵੈਸਾ ਸੁਖ ਦੇਵਤਾਓਂ ਕੇ ਰਾਜਾ ਇੰਦਰ ਤਥਾ ਸੂਰਜ ਅਸਤ ਸੇ ਉਦੇ ਲਓ ਨਿਸ਼ਕਲੰਕ ਚੱਕਰਵਰਤੀ ਰਾਜਾ ਕੋ ਭੀ ਨਹੀਂ ਹੋਵੇ ਹੈ।

ਅੰਦਿਗਰੇ ਉਪਾਸ਼ਨਾ = ਸਭ ਵਾਹਿਗੁਰੂ ਹੀ ਹੈ।

ਅਹਿੰਗਰੇ ਉਪਾਸ਼ਨਾ = ਮੈਂ ਵਾਹਿਗੁਰੂ ਹੀ ਹੂੰ ਵੋਹ ਵਾਹਿਗੁਰੂ ਮੈਂ ਹੂੰ।

ਆਤਮ ਚਿੰਤਨ = ਮੈਂ ਸਤਿ-ਚਿੱਤ ਅਨੰਦ ਪੂਰਨ ਹੂੰ। ਸਭ ਕੁਛ ਮੈਂ ਹੀ ਹੂੰ। ਮੁਝ ਕੇ ਸਿਵਾ ਕੁਛ ਭੀ ਨਹੀਂ।

4. ਮੰਜ਼ਲ-ਏ-ਮਾਰਫ਼ਤ

*ਸਤਿਨਾਮ ਸ੍ਰੀ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ*
*ਜਿਧਰ ਦੇਖਤਾ ਹੂੰ ਖ਼ੁਦਾ ਹੀ ਖ਼ੁਦਾ ਹੈ।*
*ਖ਼ੁਦਾ ਸੇ ਬਿਨਾਂ ਕੋਈ ਸ਼ੈਅ ਨਾ ਜੁਦਾ ਹੈ।*
*ਜੋ ਅੱਵਲ ਔਰ ਆਖਿਰ ਖ਼ੁਦਾ ਹੀ ਖ਼ੁਦਾ ਹੈ।*
*ਤੋ ਅਬ ਭੀ ਕਿਆ ਉਸ ਸੇ ਕੋਈ ਮਾਅਸਿਵਾ ਹੈ।*
*ਹੈ ਆ.ਗਾਜ਼ ਅੰਜਾਮ ਜ਼ੇਵਰ ਮੇਂ ਜ਼ਰ ਕਾ,*
*ਮਿਆਂ ਮੇਂ ਨਾ ਹਰਗਿਜ਼ ਵੋਹ .ਗੈਰੇ ਤਿਲਾ ਹੈ।*
*ਵੋਹੀ ਆਪ ਹਰ ਏਕ ਸੂਰਤ ਮੇਂ ਆਇਆ,*
*ਕਹੀਂ ਆਬੋ ਆਤਿਸ਼ ਜ਼ਮੀਨੋ ਹਵਾ ਹੈ।*
*ਕਹਾਂ ਉਸ ਕੋ ਦੂਰ ਔਰ ਜੁਦਾ ਢੂੰਡਤੇ ਹੋ,*
*ਵੋਹ ਹਰਦਮ ਹੈ ਹਾਜ਼ਿਰ ਨਾ ਹਰਗਿਜ਼ ਛੁਪਾ ਹੈ।*
*ਮੇਰੇ ਦੋਸਤ ਸਮਝੇਗਾ ਵੋਹ ਬਾਤ ਮੇਰੀ,*
*ਕੀਆ ਜਿਸ ਕੇ ਦਿਲ ਕੋ ਦੂਈ ਸੇ ਜੁਦਾ ਹੈ।*

**ਆਰਿਫ ਲੋਗੋਂ ਕੀ ਨੇਸ਼ਠਾ, ਦ੍ਰਿਸ਼ਟੀ ਔਰ ਇਸਥਿਤੀ**

*ਬੁਲ੍ਹਿਆ! ਸ਼ੌਹ ਸਾਥੋਂ ਵੱਖ ਨਹੀਂ।*
*ਉਸ ਬਿਨ ਬਾਕੀ ਕੱਖ ਨਹੀਂ।*
*ਪਰ ਵੇਖਣ ਵਾਲੀ ਅੱਖ ਨਹੀਂ।*
*ਤਾਹੀਂ ਜਿੰਦੜੀ ਦੁਖੜੇ ਸਹਿੰਦੀ ਏ।*
*ਮੂੰਹ ਆਈ ਬਾਤ ਨਾ ਰਹਿੰਦੀ ਏ।*

*ਮੁਝ ਹੀ ਵਿਕਲਪਹੀਨ ਕੇ ਬ੍ਰਹਮ ਜਗਤ ਦੋਏ ਨਾਮ।*

ਮੈਂ ਨਿਰਾਕਾਰ, ਨਿਰਵਿਕਲਪ, ਪਰਮਾਨੰਦ, ਚਿਦਾਕਾਸ਼ ਹੂੰ। ਮੇਰੇ ਹੀ ਦੋ ਨਾਮ ਹੈਂ ਗਿਆਨ ਅਵਸਥਾ ਮੇਂ ਮੇਰਾ ਨਾਮ ਬ੍ਰਹਮ ਯਾ ਵਾਹਿਗੁਰੂ ਹੈ। ਅਗਿਆਨ ਅਵਸਥਾ ਮੇਂ ਮੇਰਾ ਹੀ ਨਾਮ ਸੰਸਾਰ ਯਾ ਜਗਤ ਹੈ ਲੇਕਿਨ ਅਗਿਆਨ ਔਰ ਗਿਆਨ ਦੋਨੋਂ ਅਵਸਥਾਓਂ ਸੇ ਊਪਰ ਉਠ ਕਰ ਮੇਰਾ ਨਾਮ ਕੋਈ ਭੀ ਨਹੀਂ ਹੈ।

ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥ ਅਕਾਲ ਉਸਤਤਿ ਪਾਤਸ਼ਾਹੀ 10

ਸੰਸਾਰ ਦ੍ਰਿਸ਼ਟੀ ਗਿਰਾਵਟ ਹੈ। ਬ੍ਰਹਮ ਦਿਰਸ਼ਟੀ ਤਰੱਕੀ। ਨਿਰਵਿਕਲਪਤਾ ਦੋਨੋਂ ਸੇ ਊਪਰ ਯਥਾਰਥ ਅਵਸਥਾ ਹੈ। ਅਸਲ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ*
*ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ਅੰਗ- ੨੮੩*

*ੴ ਸਤਿਗੁਰ ਪ੍ਰਸਾਦਿ*
*ਸ੍ਰੀ ਵਾਹਿਗੁਰੂ ਜੀ ਕੀ ਫਤਹਿ॥*
*ਸ੍ਰੀ ਮੁਖਵਾਕ ਪਾਤਿਸਾਹੀ ੧੦॥*
*ਛਪੈ ਛੰਦ॥ ਤ੍ਵਪ੍ਰਸਾਦਿ॥*
*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥*
*ਅਕਾਲ ਉਸਤਤਿ ਪਾਤਿਸ਼ਾਹੀ ੧੦*

## ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਭਾਦੁਇ ਸੰਗਰਾਂਦ - 16 ਅਗਸਤ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
